Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 20*Issue 152** | **Tuesday, August 03, 2021** | **Tel: 905-793-2202 | Fax: 905-793-2282 | news@punjabipost.ca** | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਨਾਇਗਰਾ ਰਿਵਰ ਵਿੱਚ ਡੁੱਬਣ ਕਾਰਨ ਮਹਿਲਾ ਦੀ ਮੌਤ, ਇੱਕ ਵਿਅਕਤੀ ਲਾਪਤਾ



ਟੋਰਾਂਟੋ, 2 ਅਗਸਤ (ਪੋਸਟ ਬਿਊਰੋ) : ਨਾਇਗਰਾ ਰਿਵਰ ਵਿੱਚ ਐਤਵਾਰ ਦੁਪਹਿਰ ਨੂੰ ਤੈਰਨ ਗਏ ਜੋੜੇ ਵਿੱਚੋਂ ਮਹਿਲਾ ਦੀ ਡੁੱਬਣ ਕਾਰਨ ਮੌਤ ਹੋ ਗਈ ਤੇ ਵਿਅਕਤੀ ਲਾਪਤਾ ਦੱਸਿਆ ਜਾ ਰਿਹਾ ਹੈ। ਇਹ ਜਾਣਕਾਰੀ ਨਾਇਗਰਾ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ।

ਪੁਲਿਸ ਨੇ ਦੱਸਿਆ ਕਿ ਇਹ ਦੋਵੇਂ ਆਪਣੇ 20ਵਿਆਂ ਵਿੱਚ ਸੀ ਤੇ ਉਹ ਗ੍ਰੇਟਰ ਟੋਰਾਂਟੋ ਏਰੀਆ ਦੇ ਆਪਣੇ ਦੋਸਤਾਂ ਨਾਲ ਹਾਈਕਿੰਗ ਕਰ ਰਹੇ ਸਨ ਜਦੋਂ ਉਹ ਨਹਿਰ ਵਿੱਚ ਉਤਰ ਗਏ। ਜਦੋਂ ਉਹ ਪਾਣੀ ਵਿੱਚ ਉਤਰੇ ਉਸ ਸਮੇਂ ਪਾਣੀ ਦਾ ਵਹਾਅ ਬਹੁਤ ਤੇਜ਼ ਸੀ। ...ਬਾਕੀ ਪੰਨਾ 3 'ਤੇ

## ਉਨਟਾਰੀਓ ਸਰਕਾਰ ਦੇ ਸੋਸ਼ਲ ਅਸਿਸਟੈਂਸ ਪ੍ਰੋਗਰਾਮ 'ਚ ਤਬਦੀਲੀ ਲਿਆਉਣ ਦੇ ਫੈਸਲੇ ਤੋਂ ਲੋਕ ਪ੍ਰੇਸ਼ਾਨ



ਉਨਟਾਰੀਓ, 2 ਅਗਸਤ (ਪੋਸਟ ਬਿਊਰੋ) : ਉਨਟਾਰੀਓ ਸਰਕਾਰ ਵੱਲੋਂ ਸੋਸ਼ਲ ਅਸਿਸਟੈਂਸ ਪ੍ਰੋਗਰਾਮ ਵਿੱਚ ਤਬਦੀਲੀ ਲਿਆਉਣ ਲਈ ਕੰਮ ਕੀਤਾ ਜਾ ਰਿਹਾ ਹੈ। ਪਰ ਜਿਹੜੇ ਉਨਟਾਰੀਓ ਵਰਕਜ਼ (ਓ ਡਬਲਿਊ) ਤੇ ਉਨਟਾਰੀਓ ਡਿਸਐਬਿਲਿਟੀ ਸਪੋਰਟ ਪ੍ਰੋਗਰਾਮ (ਓ ਡੀ ਐਸ ਬੀ) ਉੱਤੇ ਨਿਰਭਰ ਹਨ, ਉਨ੍ਹਾਂ ਵੱਲੋਂ ਪ੍ਰੋਵਿੰਸ ਨੂੰ ਇਸ ਪ੍ਰੋਗਰਾਮ ਵਿੱਚ ਪ੍ਰਸਤਾਵਿਤ ਕੁੱਝ ਤਬਦੀਲੀਆਂ ਦਾ ਮੁਲਾਂਕਣ ਕਰਨ ਲਈ ਆਖਿਆ ਜਾ ਰਿਹਾ ਹੈ।

ਸਰਕਾਰ ਦਾ ਕਹਿਣਾ ਹੈ ਕਿ ਉਸ ਦਾ ਟੀਚਾ ਜ਼ਿੰਮੇਵਾਰੀਆਂ ਨੂੰ ਮੁੜ ਨਵੀਂ ਦਿਸ਼ਾ ਦੇਣਾ ਤੇ ਵਧੇਰੇ ਜਵਾਬਦੇਹ ਸਿਸਟਮ ਤਿਆਰ ਕਰਨਾ ਹੈ, ਜਿਹੜਾ ਲੋਕਾਂ ਨੂੰ ਮੁੜ ਆਪਣੇ ਪੈਰਾਂ ਉੱਤੇ ਖੜ੍ਹਾ ਹੋਣ ਤੇ ਵਰਕਫੋਰਸ ਵਿੱਚ ਸ਼ਾਮਲ ਹੋਣ ਦੇ ਯੋਗ ਬਣਾ ਸਕੇ। ਇਸ ਪ੍ਰੋਗਰਾਮ ਤੋਂ ਮਦਦ ਹਾਸਲ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਇਸ ਪ੍ਰੋਗਰਾਮ ਵਿੱਚ ਤਬਦੀਲੀਆਂ ਰੇਟ ਵਧਾਏ ਬਿਨਾਂ, ਸਹਿਯੋਗ ਵਿੱਚ ਹੋਰ ਨਿਵੇਸ਼ ਕੀਤੇ ਬਿਨਾਂ ਤੇ ਵਿਅਕਤੀਗਤ ਅੜਿੱਕਿਆਂ ਨੂੰ ਖ਼ਤਮ ਕੀਤੇ ਬਿਨਾਂ ਨਹੀਂ ਕੀਤੀਆਂ ਜਾ ਸਕਦੀਆਂ।

ਓ ਡੀ ਐਸ ਪੀ ਤੇ ਓ ਡਬਲਿਊ ਕਲਾਂਇਟਸ ਦਾ ਕਹਿਣਾ ਹੈ ਕਿ ਸਰਕਾਰ ਇਹ ਸਵੀਕਾਰ ਨਹੀਂ ਕਰ ਰਹੀ ਕਿ ਇਸ ਪ੍ਰੋਗਰਾਮ ਨਾਲ ਜੁੜੇ ਬਹੁਤੇ ਲੋਕ ਕੰਮ ਕਰਨ ਦੇ ਯੋਗ ਨਹੀਂ ਹਨ। ਪ੍ਰੋਵਿੰਸ ਵੱਲੋਂ ਇਨ੍ਹਾਂ ਤਬਦੀਲੀਆਂ ਨੂੰ ਹੌਲੀ ਹੌਲੀ, ਵੱਖ ਵੱਖ ਰੀਜਨਜ਼ ਵਿੱਚ ਵੱਖ ਵੱਖ ਸਮੇਂ ਲਾਗੂ ਕਰਨ ਦੀ ਯੋਜਨਾ ਹੈ। ਇਨ੍ਹਾਂ ਤਬਦੀਲੀਆਂ ਨੂੰ ਪ੍ਰੋਵਿੰਸ 2024 ਤੱਕ ਲਾਗੂ ਕਰਨਾ ਚਾਹੁੰਦੀ ਹੈ। ਇਸ ਪ੍ਰੋਗਰਾਮ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਪ੍ਰੋਵਿੰਸ ਆਪਣੇ ਕਲਾਂਇਟਸ ਦੀ ਵਿੱਤੀ ਸਥਿਰਤਾ ਤੇ ਅਪਾਹਜ ਲੋਕਾਂ ਦੀ ਇਸ ਉੱਤੇ ਨਿਰਭਰਤਾ ਦਾ ਵੀ ਧਿਆਨ ਰੱਖੇ ਅਤੇ ਜੇ ਉਨ੍ਹਾਂ ਨਾਲ ਸਲਾਹ ਮਸ਼ਵਰਾ ਨਾ ਕੀਤਾ ਗਿਆ ਤਾਂ ਇਸ ਦੇ ਗਲਤ ਨਤੀਜੇ ਨਿਕਲਣਗੇ ਤੇ ਇਹ ਬਹੁਤੀ ਦੇਰ ਕੰਮ ਵੀ ਨਹੀਂ ਕਰੇਗਾ।

## ਫੋਨ 'ਤੇ ਕੀਤੀ ਗੱਲਬਾਤ ਵਿਚ ਟਰੂਡੋ ਤੇ ਬਾਇਡਨ ਨੇ ਵਿਚਾਰੇ ਵਪਾਰ, ਸਰਹੱਦੀ ਸਹਿਯੋਗ ਤੇ ਪਾਈਪਲਾਈਨ ਵਰਗੇ ਮੁੱਦੇ



ਵਾਸ਼ਿੰਗਟਨ, 2 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅੱਜ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨਾਲ ਫੋਨ ਉੱਤੇ ਗੱਲਬਾਤ ਕੀਤੀ ਗਈ। ਇਸ ਦੌਰਾਨ ਓਲੰਪਿਕਸ ਵਿੱਚ ਮਹਿਲਾਵਾਂ ਦੇ ਫੁੱਟਬਾਲ ਮੁਕਾਬਲੇ ਵਿੱਚ ਅਮਰੀਕਾ ਉੱਤੇ ਕੈਨੇਡਾ ਦੀ ਜਿੱਤ ਬਾਰੇ ਵੀ ਚਰਚਾ ਹੋਈ।

ਇੰਜ ਲੱਗਿਆ ਜਿਵੇਂ ਟਰੂਡੋ ਨੇ ਕੈਨੇਡਾ ਦੀ ਅਮਰੀਕਾ ਉੱਤੇ ਹੋਈ ਜਿੱਤ ਦਾ ਸਵਾਦ ਲਿਆ ਹੋਵੇ। ਦੋਵਾਂ ਆਗੂਆਂ ਨੇ ਵਪਾਰ, ਸਰਹੱਦੀ ਸਹਿਯੋਗ ਤੇ ਹੋਰਨਾਂ ਮੁੱਦਿਆਂ ਉੱਤੇ ਵੀ ਗੱਲਬਾਤ ਕੀਤੀ। ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਅਮੈਰੀਕਨਜ਼ ਅਤੇ ਪਰਮਾਨੈਂਟ ਰੈਜ਼ੀਡੈਂਟਸ ਨੂੰ ਅਗਲੇ ਹਫਤੇ ਤੋਂ ਕੈਨੇਡਾ ਆਉਣ ਦੀ ਇਜਾਜ਼ਤ ਹੋਵੇਗੀ ਪਰ ਅਮਰੀਕਾ ਵੱਲੋਂ ਕੈਨੇਡੀਅਨਜ਼ ਲਈ ਅਜਿਹੀ ਕੋਈ ਸਹੂਲਤ ਨਹੀਂ ਦਿੱਤੀ ਜਾ ਰਹੀ।

ਬਾਇਡਨ ਨੇ ਅਮਰੀਕਾ ਦੇ ਬੁਨਿਆਦੀ ਢਾਂਚੇ ਉੱਤੇ ਹੋਣ ਵਾਲੇ ਖਰਚ ਵਿੱਚ ਅਮੈਰੀਕਨ ਫਰਮਜ਼ ਤੇ ਸਪਲਾਇਰਜ਼ ਨੂੰ ਪਹਿਲ ਦੇਣ ਬਾਰੇ ਆਪਣਾ ਰੁਖ਼ ਸਖ਼ਤ ਰੱਖਿਆ ਜਦਕਿ ਟਰੂਡੋ ਨੇ ਇਸ ਪਾਸੇ ਵੀ ਨਰਮੀ ਹੀ ਦਿਖਾਈ ਪਰ ਇਸ ਦੇ ਨਾਲ ਹੀ ਕੈਨੇਡਾ ਦੀ ਪੈਰਵੀ ਵੀ ਕੀਤੀ। ਇਸ ਤੋਂ ਇਲਾਵਾ ਟਰੂਡੋ ਨੇ ਕੈਨੇਡਾ ਦੀ ਮਲਕੀਅਤ ਵਾਲੀ ਤੇ ਇੱਥੋਂ ਹੀ ਆਪਰੇਟ ਕੀਤੀ ਜਾਣ ਵਾਲੀ ਕਰੌਸ-ਬਾਰਡਰ ਪਾਈਪਲਾਈਨ, ਜਿਸ ਨੂੰ ਲਾਈਨ 5 ਵੀ ਆਖਿਆ ਜਾਂਦਾ ਹੈ, ਦਾ ਮੁੱਦਾ ਵੀ ਉਠਾਇਆ। ਇਸ ਪਾਈਪਲਾਈਨ ਨੂੰ ਮਿਸ਼ੀਗਨ ਗ੍ਰੇਟ ਲੇਕਸ ਨਾਲ ਜੁੜੇ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ ਦੇ ਡਰੋਂ ਬੰਦ ਕਰਨਾ ਚਾਹੁੰਦਾ ਹੈ।

ਅਮਰੀਕਾ ਤੇ ਕੈਲਗਰੀ ਸਥਿਤ ਐਨਬ੍ਰਿੱਜ ਇਨਕਾਰਪੋਰੇਸ਼ਨ ਦਰਮਿਆਨ ਜਾਰੀ ਇਸ ਵਿਵਾਦ ਬਾਰੇ ਟਰੂਡੋ ਨੇ ਗੱਲਬਾਤ ਰਾਹੀਂ ਕਿਸੇ ਫੈਸਲੇ ਉੱਤੇ ਪਹੁੰਚਣ ਦਾ ਪੱਖ ਪੂਰਿਆ। ਦੋਵਾਂ ਆਗੂਆਂ ਨੇ ਇਸ ਮਾਮਲੇ ਉੱਤੇ ਨਜ਼ਰ ਰੱਖਣ ਉੱਤੇ ਸਹਿਮਤੀ ਵੀ ਪ੍ਰਗਟਾਈ। ਇਸ ਤੋਂ ਇਲਾਵਾ ਕੈਨੇਡਾ ਤੇ ਅਮਰੀਕਾ ਵੱਲੋਂ ਜੰਗਲ ਦੀ ਅੱਗ ਬਾਰੇ ਦੁਵੱਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ।

ਦੋਵਾਂ ਆਗੂਆਂ ਨੇ ਦਸੰਬਰ 2018 ਤੋਂ ਚੀਨ ਵੱਲੋਂ ਨਜ਼ਰਬੰਦ ਕੀਤੇ ਗਏ ਦੋ ਕੈਨੇਡੀਅਨ ਨਾਗਰਿਕਾਂ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਨੂੰ ਫੌਰੀ ਰਿਹਾਅ ਕਰਨ ਦੀ ਮੰਗ ਵੀ ਕੀਤੀ ਗਈ।

## ਸਕਾਰਬੌਰੋ ਦੇ ਮੋਟਲ ਦੇ ਕਮਰੇ ਵਿੱਚ ਲੱਗੀ ਅੱਗ, ਇੱਕ ਵਿਅਕਤੀ ਦੀ ਹੋਈ ਮੌਤ



ਸਕਾਰਬੌਰੋ, 2 ਅਗਸਤ (ਪੋਸਟ ਬਿਊਰੋ) : ਸੋਮਵਾਰ ਸਵੇਰੇ ਸਕਾਰਬੌਰੋ ਵਿੱਚ ਇੱਕ ਮੋਟਲ ਦੇ ਰੂਮ ਵਿੱਚ ਅੱਗ ਲੱਗ ਜਾਣ ਕਾਰਨ ਇੱਕ 40 ਸਾਲਾ ਵਿਅਕਤੀ ਦੀ ਮੌਤ ਹੋ ਗਈ। ...ਬਾਕੀ ਪੰਨਾ 4 'ਤੇ

## ਅਮਰੀਕਾ ਨੂੰ 1-0 ਨਾਲ ਹਰਾ ਕੇ ਕੈਨੇਡੀਅਨ ਮਹਿਲਾ ਸੌਕਰ ਟੀਮ ਫਾਈਨਲ ਵਿੱਚ ਪਹੁੰਚੀ



ਕਾਸਿਮਾ-ਸੀ, 2 ਅਗਸਤ ( ਪੋਸਟ ਬਿਊਰੋ) : ਦੋ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਮਗਾ ਜਿੱਤਣ ਤੋਂ ਬਾਅਦ ਕੈਨੇਡੀਅਨ ਮਹਿਲਾ ਫੁੱਟਬਾਲ ਟੀਮ ਨੇ 1-0 ਦੇ ਫਰਕ ਨਾਲ ਅਮਰੀਕਾ ਨੂੰ ਹਰਾ ਕੇ ਫਾਈਨਲ ਵਿੱਚ ਥਾਂ ਬਣਾ ਲਈ। ਕੈਨੇਡੀਅਨ ਟੀਮ ਦਾ ਦ੍ਰਿੜ ਨਿਸ਼ਚਾ ਹੈ ਕਿ ਉਹ ਇਸ ਵਾਰੀ ਤਮਗੇ ਦਾ ਰੰਗ ਸੁਨਹਿਰਾ ਕਰਕੇ ਹੀ ਸਾਹ ਲਵੇਗੀ।

ਸੋਮਵਾਰ ਨੂੰ ਅਮਰੀਕਾ ਨਾਲ ਹੋਏ ਸੈਮੀਫਾਈਨਲ ਮੁਕਾਬਲੇ ਵਿੱਚ ਜੈਸੀ ਫਲੈਮਿੰਗ ਨੇ 74ਵੇਂ ਮਿੰਟ ਵਿੱਚ ਪੈਨਲਟੀ ਕਿੱਕ ਹਾਸਲ ਕਰਕੇ ਨੂੰ 1-0 ਨਾਲ ਜਿੱਤ ਹਾਸਲ ਕਰਨ ਵਿੱਚ ਮਦਦ ਕੀਤੀ। ਇਹ ਇਤਿਹਾਸਕ ਮੈਚ ਇਬਾਰਾਕੀ ਕਾਸਿਮਾ ਸਟੇਡੀਅਮ ਵਿੱਚ ਖੇਡਿਆ ਗਿਆ। ਸ਼ੁਰੂ ਤੋਂ ਹੀ ਅਮੈਰੀਕਨ ਖਿਡਾਰਨਾਂ ਵੱਲੋਂ ਕੈਨੇਡੀਅਨ ਟੀਮ ਉੱਤੇ ਦਬਾਅ ਬਣਾ ਕੇ ਖੇਡਿਆ ਗਿਆ। ਪਰ ਆਖਰੀ ਪਲਾਂ ਵਿੱਚ ਕੈਨੇਡੀਅਨ ਖਿਡਾਰਨਾਂ ਨੇ ਪੂਰੀ ਵਾਹ ਲਾ ਕੇ ਮੈਚ ਆਪਣੇ ਨਾਂ ਕਰ ਲਿਆ।

ਹੁਣ ਫਾਈਨਲ ਮੁਕਾਬਲਾ ਸ਼ੁੱਕਰਵਾਰ ਨੂੰ ਓਲੰਪਿਕ ਸਟੇਡੀਅਮ ਵਿੱਚ ਖੇਡਿਆ ਜਾਵੇਗਾ। ਸੋਮਵਾਰ ਸ਼ਾਮ ਨੂੰ ਯੋਕੋਹਾਮਾ ਸਟੇਡੀਅਮ ਵਿੱਚ ਸਵੀਡਨ ਤੇ ਆਸਟਰੇਲੀਆ ਵਿੱਚ ਖੇਡੇ ਜਾਣ ਵਾਲੇ ਸੈਮੀਫਾਈਨਲ ਵਿੱਚ ਜੇਤੂ ਰਹਿਣ ਵਾਲੀ ਟੀਮ ਨਾਲ ਕੈਨੇਡਾ ਦਾ ਮੁਕਾਬਲਾ ਫਾਈਨਲ ਲਈ ਹੋਵੇਗਾ।

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan
Mob: 416-465-1200
www.dubaijewellers.ca
info@dubaijewellers.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
2GB
$35/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਨਾਇਗਰਾ ਰਿਵਰ ਵਿੱਚ ਡੁੱਬਣ ਕਾਰਨ ਮਹਿਲਾ ਦੀ ਮੌਤ, ਇੱਕ ਵਿਅਕਤੀ ਲਾਪਤਾ

...ਪੰਨਾ 1 ਦਾ ਬਾਕੀ

ਸ਼ਾਮੀਂ 5:00 ਵਜੇ ਦੇ ਨੇੜੇ ਤੇੜੇ 911 ਉੱਤੇ ਕਾਲ ਕੀਤੀ ਗਈ ਤੇ ਬਾਅਦ ਵਿੱਚ ਪੁਲਿਸ ਅਧਿਕਾਰੀਆਂ ਨੇ ਟੋਰਾਂਟੋ ਦੀ ਮਹਿਲਾ ਨੂੰ ਪਾਣੀ ਤੋਂ ਬਾਹਰ ਤਾਂ ਕੱਢ ਲਿਆ ਪਰ ਉਸ ਦੀ ਹਾਲਤ ਬਹੁਤੀ ਵਧੀਆ ਨਹੀਂ ਸੀ। ਪੁਲਿਸ ਨੇ ਦੱਸਿਆ ਕਿ ਮਹਿਲਾ ਨੂੰ ਹੋਸ਼ ਵਿੱਚ ਲਿਆਉਣ ਦੀ ਕਾਫੀ ਕੋਸ਼ਿਸ਼ ਕੀਤੀ ਗਈ ਤੇ ਫਿਰ ਈਐਮਐਸ ਕਰਮਚਾਰੀ ਉਸ ਨੂੰ ਲੋਕਲ ਹਸਪਤਾਲ ਲੈ ਗਏ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਜਦੋਂ ਮਹਿਲਾ ਦੇ ਦੋਸਤ ਨੇ ਉਸ ਨੂੰ ਮੁਸ਼ਕਲ ਵਿੱਚ ਵੇਖਿਆ ਤਾਂ ਉਸ ਨੇ ਪਾਣੀ ਵਿੱਚ ਛਾਲ ਮਾਰ ਦਿੱਤੀ ਪਰ ਉਹ ਮੁੜਕੇ ਬਾਹਰ ਹੀ ਨਹੀਂ ਆਇਆ। ਉਸ ਦੀ ਭਾਲ ਸਵੇਰੇ ਕਰਨ ਦਾ ਫੈਸਲਾ ਕੀਤਾ ਗਿਆ ਹੈ। ਦੋਵਾਂ ਦੇ ਨਾਂਵਾਂ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

# ਟ੍ਰੈਫਿਕ ਸਟੌਪ ਦੌਰਾਨ 21 ਸਾਲਾ ਵਿਅਕਤੀ ਕੋਲੋਂ ਮਿਲੀ ਭਰੀ ਹੋਈ ਗੰਨ



ਬਰੈਂਪਟਨ, 2 ਅਗਸਤ (ਪੋਸਟ ਬਿਊਰੋ) : ਸ਼ੁੱਕਰਵਾਰ ਨੂੰ ਬਰੈਂਪਟਨ ਵਿੱਚ ਚੈਕਿੰਗ ਦੌਰਾਨ 21 ਸਾਲਾ ਵਿਅਕਤੀ ਕੋਲੋਂ ਭਰੀ ਹੋਈ ਗੰਨ ਤੇ ਹੋਰ ਗੋਲੀ ਸਿੱਕਾ ਮਿ-ਲਿਆ। ਇਸ ਵਿਅਕਤੀ ਨੂੰ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪੁਲਿਸ ਅਨੁਸਾਰ 22ਵੀਂ ਡਵੀਜ਼ਨ ਦੇ ਅਧਿਕਾਰੀ 5:15 ਵਜੇ ਦੇ ਨੇੜੇ ਤੇੜੇ ਕ੍ਰੈਡਿਟਵਿਊ ਰੋਡ ਤੇ ਫੇਅਰਹਿੱਲ ਡਰਾਈਵ ਉੱਤੇ ਗਸ਼ਤ ਕਰ ਰਹੇ ਸਨ ਜਦੋਂ ਉਨ੍ਹਾਂ ਇੱਕ ਗੱਡੀ ਨੂੰ ਰੋਕਿਆ। ਜਾਂਚ ਦੌਰਾਨ ਅਧਿਕਾਰੀਆਂ ਨੂੰ .40 ਕੈਲੇਬਰ ਦੀ ਭਰੀ ਹੋਈ ਗੰਨ ਮਿਲੀ ਤੇ ਹੋਰ ਗੋਲੀ ਸਿੱਕਾ ਵੀ ਮਿਲਿਆ।

ਨਤੀਜੇ ਵਜੋਂ 21 ਸਾਲਾ ਬਰੈਂਪਟਨ ਵਾਸੀ ਨੂੰ ਪੰਜ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਹੋਰਨਾਂ ਤੋਂ ਇਲਾਵਾ ਗੱਡੀ ਵਿੱਚ ਅਣਅਧਿਕਾਰਕ ਤੌਰ ਉੱਤੇ ਹਥਿਆਰ ਰੱਖਣਾ ਵੀ ਸ਼ਾਮਲ

SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca



UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ


Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



## ਅੱਜ ਨਾਮਾ

ਪਾਰਲੀਮੈਂਟ ਦੇ ਮੈਂਬਰ ਹਨ ਜਦੋਂ ਜਾਂਦੇ,
ਛੇਤੀ ਮੁੜਨ ਲਈ ਘਰੇ ਨੇ ਕਹਿ ਜਾਂਦੇ।
ਕੁਝ ਤਾਂ ਦੂਰੋਂ ਹੀ ਖੱਪ ਹਨ ਪਾਈ ਜਾਂਦੇ,
ਜਾ ਕੇ ਕਈ ਵਿਚਕਾਰ ਹਨ ਬਹਿ ਜਾਂਦੇ।
ਖਬਰਾਂ ਵਿੱਚ ਤਾਂ ਲੀਡਰ ਨੇ ਛਾਏ ਹੁੰਦੇ,
ਵਿੰਹਦੇ ਲੋਕ ਤੇ ਵਿੰਹਦੇ ਨੇ ਰਹਿ ਜਾਂਦੇ।
ਪਾਉਂਦੇ ਖੱਪ ਨਹੀਂ ਸਿਰਫ ਵਿਰੋਧ ਵਾਲੇ,
ਹਾਕਮ ਹੱਦੋਂ ਵੀ ਬਾਹਲਾ ਨੇ ਕਹਿ ਜਾਂਦੇ।
ਜ਼ਿੰਮਾ ਬਣਦਾ ਸਰਕਾਰਾਂ ਦਾ ਹੋਣ ਕਾਰਜ,
ਏਥੇ ਸਮਝਦੀ ਜ਼ਿੰਮਾ ਸਰਕਾਰ ਹੈ ਨਹੀਂ।
ਧਿਰ ਵਿਰੋਧ ਦੀ ਰਹੀ ਜਦ ਚੁੱਪ ਕਰ ਕੇ,
ਸਕਣੀ ਲੋਕਾਂ ਦੇ ਜਾ ਵਿਚਕਾਰ ਹੈ ਨਹੀਂ।

**ਤੀਸ ਮਾਰ ਖਾਂ**

# ਇਸ ਹਫਤੇ ਕੈਨੇਡਾ ਨੂੰ ਹਾਸਲ ਹੋਣਗੀਆਂ ਕੋਵਿਡ-19 ਵੈਕਸੀਨ ਦੀਆਂ 23 ਮਿਲੀਅਨ ਡੋਜ਼ਾਂ

ਓਟਵਾ, 2 ਅਗਸਤ (ਪੋਸਟ ਬਿਊਰੋ) : ਇਸ ਹਫਤੇ ਫੈਡਰਲ ਸਰਕਾਰ ਨੂੰ ਫਾਈਜ਼ਰ-ਬਾਇਓਐਨਟੈਕ ਕੋਵਿਡ-19 ਵੈਕਸੀਨ ਦੀਆਂ 2.3 ਮਿਲੀਅਨ ਡੋਜ਼ਾਂ ਹਾਸਲ ਹੋਣ ਦੀ ਸੰਭਾਵਨਾ ਹੈ। ਦੂਜੇ ਪਾਸੇ ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਕੋਵਿਡ-19 ਦੀ ਚੌਥੀ ਵੇਵ ਆਉਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ।

ਓਟਵਾ ਨੂੰ ਪਹਿਲਾਂ ਹੀ ਹੁਣ ਤੱਕ 66 ਮਿਲੀਅਨ ਕੋਵਿਡ-19 ਵੈਕਸੀਨ ਡੋਜ਼ਾਂ ਹਾਸਲ ਹੋ ਚੁੱਕੀਆਂ ਹਨ ਜੋ ਕਿ ਯੋਗ ਕੈਨੇਡੀਅਨਜ਼ ਨੂੰ ਪੂਰੀ ਤਰ੍ਹਾਂ ਇਮਿਊਨਾਈਜ਼ ਕਰਨ ਲਈ ਕਾਫੀ ਹਨ।ਮੰਗਲਵਾਰ ਨੂੰ ਫੈਡਰਲ ਸਰਕਾਰ ਕੋਲ ਆਪਣੇ ਖਜ਼ਾਨੇ ਵਿੱਚ 6.7 ਮਿਲੀਅਨ ਕੋਵਿਡ-19 ਵੈਕਸੀਨਜ਼ ਸਨ। ਲੋੜ ਪੈਣ ਉੱਤੇ ਪ੍ਰੋਵਿੰਸ ਤੇ



ਟੈਰੇਟਰੀਜ਼ ਇੱਥੋਂ ਹੋਰ ਡੋਜ਼ ਲੈ ਸਕਦੀਆਂ ਹਨ।

ਕੋਵਿਡ-19 ਵੈਕਸੀਨ ਦੀ ਨਵੀਂ ਖੇਪ ਇਸ ਲਈ ਆ ਰਹੀ ਹੈ ਕਿਉਂਕਿ ਵੈਕਸੀਨੇਸ਼ਨ ਦੀ ਦਰ ਵਧਣ ਤੋਂ ਪਹਿਲਾਂ ਪਬਲਿਕ ਹੈਲਥ ਪਾਬੰਦੀਆਂ ਹਟਾਏ ਜਾਣ ਦੇ ਚੱਲਦਿਆਂ ਕੈਨੇਡਾ ਦੇ ਉੱਘੇ ਡਾਕਟਰਾਂ ਵੱਲੋਂ ਇਹ ਚੇਤਾਵਨੀ ਦਿੱਤੀ ਗਈ ਹੈ ਕਿ ਅਸੀਂ ਚੌਥੀ ਵੇਵ ਵੱਲ ਵੱਧ ਰਹੇ ਹਾਂ। ਸ਼ੁੱਕਰਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਥੈਰੇਸਾ ਟੈਮ ਨੇ ਆਖਿਆ ਕਿ ਹੱਦੋਂ ਵੱਧ ਖਤਰਨਾਕ ਡੈਲਟਾ ਵੇਰੀਐਂਟ ਕਾਰਨ ਇੱਕ ਵਾਰੀ ਫਿਰ ਮਹਾਂਮਾਰੀ ਸਿਰ ਚੁੱਕ ਸਕਦੀ ਹੈ। ਇਸ ਲਈ ਉਨ੍ਹਾਂ ਆਖਿਆ ਕਿ ਵੱਧ ਤੋਂ ਵੱਧ ਵੈਕਸੀਨੇਸ਼ਨ ਤੇ ਸਿਹਤ ਸਬੰਧੀ ਅਪਣਾਈਆਂ ਜਾਣ ਵਾਲੀਆਂ ਅਹਿਤਿਆਤਾਂ ਦੀ ਵਰਤੋਂ ਕਰਕੇ ਇਸ ਤੋਂ ਬਚਿਆ ਜਾ ਸਕਦਾ ਹੈ।

ਉਨ੍ਹਾਂ ਆਖਿਆ ਕਿ ਜੇ ਇਸੇ ਤਰ੍ਹਾਂ ਤੇਜ਼ੀ ਨਾਲ ਸਾਰੀਆਂ ਪਾਬੰਦੀਆਂ ਹਟਾਈਆਂ ਜਾਂਦੀਆਂ ਰਹੀਆਂ ਤਾਂ ਹਾਲ ਮਾੜਾਂ ਹੋ ਸਕਦਾ ਹੈ ਪਰ ਜੇ ਮੌਜੂਦਾ ਹਾਲਾਤ ਅਨੁਸਾਰ ਹੌਲੀ ਹੌਲੀ ਢਿੱਲ ਦਿੱਤੀ ਜਾਂਦੀ ਰਹੀ ਤੇ ਨਾਲ ਦੀ ਨਾਲ ਥੋੜ੍ਹੀਆਂ ਪਾਬੰਦੀਆਂ ਵੀ ਰੱਖੀਆਂ ਗਈਆਂ ਤਾਂ ਥੋੜ੍ਹੀ ਬਚਤ ਹੋ ਸਕਦੀ ਹੈ।

# ਇੱਕ ਹੋਰ ਇਤਿਹਾਸਕ ਪ੍ਰਾਪਤੀ: ਡਿਸਕਸ ਥ੍ਰੋਅ ਦੇ ਫਾਈਨਲ ਵਿੱਚ ਪੰਜਾਬ ਦੀ ਕਮਲਪ੍ਰੀਤ ਕੌਰ ਨੇ ਛੇਵਾਂ ਥਾਂ ਲਿਆ

ਟੋਕੀਓ, 2 ਅਗਸਤ, (ਪੋਸਟ ਬਿਊਰੋ)- ਸੰਸਾਰ ਦੇ ਉਲੰਪਿਕ ਮੁਕਾਬਲੇ ਦੇਡਿਸਕਸ ਥ੍ਰੋਅ ਫਾਈਨਲ ਵਿੱਚ ਭਾਰਤ ਵੱਲੋਂ ਖੇਡ ਰਹੀ ਪੰਜਾਬ ਦੀ ਧੀ ਕਮਲਪ੍ਰੀਤ ਕੌਰ ਛੇਵੇਂ ਥਾਂ ਰਹੀ। ਉਹ ਮੈਡਲ ਜਿੱਤ ਕੇ ਇਤਿਹਾਸ ਰਚਣ ਤੋਂ ਖੁੰਝ ਵੀ ਗਈ ਤਾਂ ਏਥੋਂ ਤੱਕ ਪਹੁੰਚਣ ਵਾਲੀ ਪਹਿਲੀ ਪੰਜਾਬੀ ਖਿਡਾਰਨ ਵਜੋਂ ਇਤਿਹਾਸ ਬਣਾ ਦਿੱਤਾ ਹੈ।

ਅੱਜ ਏਥੇ ਟੋਕੀਓ ਉਲੰਪਿਕਸ ਵਿੱਚ ਡਿਸਕਸ ਥ੍ਰੋਅ ਦੇ ਫ਼ਾਈਨਲ ਵਿੱਚ ਕਮਲਪ੍ਰੀਤ ਕੌਰ ਨੇ ਸ਼ਾਨਦਾਰ ਸ਼ੁਰੂਆਤ ਕੀਤੀ ਅਤੇ ਪਹਿਲੀ ਕੋਸ਼ਿਸ਼ ਵਿੱਚ 61.62 ਮੀਟਰ ਦੂਰ ਡਿਸਕਸ ਥ੍ਰੋਅ ਕਰ ਕੇ ਛੇਵੇਂ ਥਾਂ ਰਹੀ, ਪਰ ਦੂਸਰੇ ਰਾਊਂਡ ਵਿੱਚਫਾਊਲ ਕਰ ਬੈਠੀ। ਇਸ ਦੌਰਾਨ ਮੀਂਹ ਪੈਣ ਲੱਗ ਪਿਆ, ਜਿਸ ਨਾਲ ਕਈ ਖਿਡਾਰਨਾਂ ਪੈਰ ਤਿਲਕਣ ਨਾਲ ਡਿਸਕਸ ਥ੍ਰੋਅ




ਨਹੀਂ ਕਰ ਸਕੀਆਂ ਤੇ ਉਨ੍ਹਾਂ ਦੀ ਥ੍ਰੋਅ ਅਸਫਲ ਰਹੀ। ਮੀਂਹ ਦੇਖ ਕੇ ਮੁਕਾ-ਬਲਾ ਰੋਕ ਦਿੱਤਾ ਗਿਆ।ਇਸ ਮੌਕੇ ਕਮਲਪ੍ਰੀਤ ਕੌਰ ਸੱਤਵੇਂ ਥਾਂ ਸੀ। ਮੀਂਹ ਹਟਣਪਿੱਛੋਂ ਸ਼ੁਰੂ ਹੋਏ ਮੁਕਾਬਲੇਦੇ ਤੀਜੇ ਰਾਊਂਡ ਵਿੱਚ ਕਮਲਪ੍ਰੀਤ ਨੇ 63.70 ਮੀਟਰ ਦੂਰ ਡਿਸਕਸ ਥ੍ਰੋਅ ਕੀਤਾ ਤੇ ਛੇਵੇਂ ਥਾਂ ਰਹੀ। ਚੌਥੇ ਰਾਊਂਡ ਵਿੱਚ ਕਮਲਪ੍ਰੀਤ ਫਾਊਲ ਕਰ ਬੈਠੀ। ਪੰਜਵੇਂ ਰਾਊਂਡ ਵਿੱਚਉਸ ਨੇ 61.37 ਮੀਟਰ ਦੂਰ ਡਿਸਕਸ ਥ੍ਰੋਅ ਕੀਤਾ ਅਤੇ ਛੇਵੇਂ ਥਾਂ ਰਹੀ। ਪਹਿਲੇ ਸਥਾਨ ਉੱਤੇ ਅਮਰੀਕਾ ਦੀ ਵੀ.ਆਲਮਨ ਨੇ 68.98 ਮੀਟਰ ਦੂਰ ਡਿਸਕਸ ਥ੍ਰੋਅ ਕੀਤਾ ਤੇਦੂਸਰੇਥਾਂ ਜਰਮਨੀ ਦੀ ਕੇ. ਪੁਡੇਨਜ਼ ਨੇ 66.86 ਮੀਟਰ ਦੂਰ ਡਿਸਕਸ ਥ੍ਰੋਅ ਕੀਤਾ। ਤੀਸਰੇ ਥਾਂ ਰਹੀ ਕਿਊਬਾ ਦੀ ਵਾਈ. ਪੇਰੇਜ਼ ਨੇ 65.72 ਮੀਟਰ ਦੂਰ ਡਿਸਕਸ ਥ੍ਰੋਅ ਕੀਤਾ ਹੈ।

# ਰਿਹਾਇਸ਼ੀ ਇਮਾਰਤ ਨੂੰ ਲੱਗੀ ਅੱਗ, ਇੱਕ ਵਿਅਕਤੀ ਦੀ ਮੌਤ



ਟੋਰਾਂਟੋ, 2 ਅਗਸਤ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਪਾਰਕਡੇਲ ਦੀ ਰਿਹਾਇਸ਼ੀ ਇਮਾਰਤ ਵਿੱਚ ਲੱਗੀ ਅੱਗ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਇਸ ਮਾਮਲੇ ਦੀ ਟੋਰਾਂਟੋ ਫਾਇਰ ਸਰਵਿਸਿਜ਼ ਵੱਲੋਂ ਜਾਂਚ ਕੀਤੀ ਜਾ ਰਹੀ ਹੈ।ਕੁਈਨ ਸਟਰੀਟ ਵੈਸਟ ਦੇ ਦੱਖਣ ਵਿੱਚ 245 ਡੰਨ ਐਵਨਿਊ ਉੱਤੇ ਸਥਿਤ ਇਸ ਇਮਾਰਤ ਦੀ 20ਵੀਂ ਮੰਜ਼ਿਲ ਤੋਂ ਸੰਘਣਾਂ ਕਾਲਾ ਧੂੰਆਂ ਨਿਕਲਦਾ ਵੇਖ ਕੇ ਲਕਾਂ ਵੱਲੋਂ ਅੱਗ ਬੁਝਾਊ ਦਸਤੇ ਨੂੰ ਸੱਦਿਆ ਗਿਆ।ਈ ਐਮ ਐਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਕੌਰੋਨਰ ਨੂੰ ਇਸ ਮਾਮਲੇ ਦੀ ਜਾਂਚ ਕਰਨ ਲਈ ਸੱਦਿਆ ਗਿਆ।

ਅੱਗ ਉੱਤੇ ਕਾਬੂ ਪਾ ਲਿਆ ਗਿਆ ਹੈ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਜੇ ਤੱਕ ਜਾਂਚਕਾਰਾਂ ਵੱਲੋਂ ਇਸ ਸਬੰਧ ਵਿੱਚ ਕੋਈ ਹੋਰ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ।

# ਮਿਸੀਸਾਗਾ ਵਿੱਚ ਇੱਕ ਵਿਅਕਤੀ ਉੱਤੇ ਚਾਕੂ ਨਾਲ ਕੀਤਾ ਗਿਆ ਹਮਲਾ




ਮਿਸੀਸਾਗਾ, 2 ਅਗਸਤ (ਪੋਸਟ ਬਿਊਰੋ) : ਸੋਮਵਾਰ ਦੁਪਹਿਰੇ ਮਿਸੀਸਾਗਾ ਵਿੱਚ ਇੱਕ ਵਿਅਕਤੀ ਉੱਤੇ ਚਾਕੂ ਨਾਲ ਕੀਤੇ ਗਏ ਹਮਲੇ ਦੀ ਪੀਲ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਛੁਰੇਬਾਜ਼ੀ ਦੀ ਰਿਪੋਰਟ ਮਿਲਣ ਤੋਂ ਬਾਅਦ ਪੁਲਿਸ ਹੁਰੌਨਤਾਰੀਓ ਸਟਰੀਟ ਤੇ ਡੰਡਸ ਸਟਰੀਟ ਵੈਸਟ ਇਲਾਕੇ ਵਿੱਚ ਪਹੁੰਚੀ।ਪੀਲ ਪੈਰਾਮੈਡਿਕਸ ਨੇ ਦੱਸਿਆ ਕਿ ਛੁਰੇਬਾਜ਼ੀ ਦਾ ਸ਼ਿਕਾਰ ਹੋਏ ਇੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਦੋ ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ।

ਪੁਲਿਸ ਵੱਲੋਂ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਇੱਕ ਮਸ਼ਕੂਕ ਛੇ ਫੁੱਟ ਲੰਮਾਂ ਸੀ, ਜਿਸ ਨੇ ਟੀ-ਸ਼ਰਟ ਤੇ ਜੀਨਜ਼ ਪਾਈ ਹੋਈ ਸੀ। ਉਹ ਆਪਣੇ 20ਵਿਆਂ ਦੇ ਸ਼ੁਰੂ ਵਿੱਚ ਸੀ। ਦੂਜਾ ਮਸ਼ਕੂਕ ਵੀ ਆਪਣੇ 20ਵਿਆਂ ਦੇ ਸ਼ੁਰੂ ਵਿੱਚ ਸੀ ਤੇ ਉਸ ਨੇ ਗੂੜ੍ਹੇ ਰੰਗ ਦੇ ਕੱਪੜੇ ਪਾਏ ਹੋਏ ਸੀ ਤੇ ਲਾਲ ਰੰਗ ਦੀ ਹੈਟ ਲਈ ਹੋਈ ਸੀ।ਇਸ ਸਬੰਧ ਵਿੱਚ ਪੁਲਿਸ ਵੱਲੋਂ ਹੋਰ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ ਹੈ।

# ਮਿਸੀਸਾਗਾ ਵਿੱਚ ਚੱਲੀ ਗੋਲੀ,17 ਸਾਲਾ ਲੜਕਾ ਜ਼ਖ਼ਮੀ

ਮਿਸੀਸਾਗਾ, 2 ਅਗਸਤ (ਪੋਸਟ ਬਿਊਰੋ) : ਸੋਮਵਾਰ ਦੇਰ ਰਾਤ ਮਿਸੀਸਾਗਾ ਵਿੱਚ ਚੱਲੀ ਗੋਲੀ ਵਿੱਚ ਇੱਕ ਟੀਨੇਜਰ ਜ਼ਖ਼ਮੀ ਹੋ ਗਿਆ।

ਰਾਤੀਂ 2:45 ਤੋਂ ਠੀਕ ਪਹਿਲਾਂ ਡਾਰਸਲ ਐਵਨਿਊ ਤੇ ਵੁੱਡਰੱਫ ਕ੍ਰੀਸੈਂਟ ਉੱਤੇ ਵਾਪਰੇ ਇਸ ਗੋਲੀਕਾਂਡ ਦੇ ਸਬੰਧ ਵਿੱਚ ਪੁਲਿਸ ਨੂੰ ਸੱਦਿਆ ਗਿਆ। ਮੌਕੇ ਉੱਤੇ ਪੁਲਿਸ ਨੂੰ ਇੱਕ 17 ਸਾਲਾ ਲੜਕਾ ਜ਼ਖ਼ਮੀ ਹਾਲਤ ਵਿੱਚ ਮਿ-ਲਿਆ, ਉਸ ਨੂੰ ਗੋਲੀ ਲੱਗੀ ਸੀ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ



ਲਿਜਾਇਆ ਗਿਆ ਤੇ ਹੁਣ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

ਪੀਲ ਪੁਲਿਸ ਦਾ ਕਹਿਣਾ ਹੈ ਕਿ ਜਿਸ ਗੱਡੀ ਵਿੱਚੋਂ ਗੋਲੀਆਂ ਚਲਾਈਆਂ ਗਈਆਂ ਉਹ ਗੱਡੀ ਗੂੜ੍ਹੇ ਰੰਗ ਦੀ ਸੇਡਾਨ ਸੀ। ਇਸ ਸਬੰਧ ਵਿੱਚ ਕੋਈ ਹੋਰ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

# ਬਲਵੰਤ ਰਾਮੂੰਵਾਲੀਆ ਦੀ ਧੀ ਅਮਨਜੋਤ ਕੌਰ ਭਾਜਪਾ ਵਿਚ ਸ਼ਾਮਿਲ



ਨਵੀਂ ਦਿੱਲੀ, 2 ਅਗਸਤ, (ਪੋਸਟ ਬਿਊਰੋ)- ਭਾਰਤ ਦੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂੰਵਾਲੀਆ ਦੀ ਬੇਟੀ ਅਮਨਜੋਤ ਕੌਰ ਰਾਮੂੰਵਾਲੀਆ ਤੇ ਕੁਝ ਹੋਰ ਲੋਕ ਅੱਜ ਦਿੱਲੀ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ।ਇਨ੍ਹਾਂ ਵਿੱਚ ਆਮ ਆਦਮੀ ਪਾਰਟੀ ਨਾਲ ਸਬੰਧਤ ਰਹੇ ਚੰਦਰ ਮੋਹਨ ਜੋਸ਼ੀ ਅਤੇ ਅਕਾਲੀ ਦਲ ਨਾਲ ਸਬੰਧਤ ਰਹੇ ਚੰਦ ਸਿੰਘ ਚੱਠਾ ਸੰਗਰੂਰ ਤੇ ਗੁਰਪ੍ਰੀਤ ਸਿੰਘ ਆਦਿ ਸ਼ਾਮਲ ਹਨ। ਭਾਜਪਾ ਨੇ ਦਾਅਵਾ ਕੀਤਾ ਹੈ ਕਿ ਇਹ ਸਾਰੇ ਆਗੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ।

ਦੂਸਰੇ ਪਾਸੇ ਅੱਜ ਸ਼ਾਮ ਪ੍ਰੈੱਸ ਕਾਨਫਰੰਸ ਕਰ ਕੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂੰਵਾਲੀਆ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੀ ਧੀ ਦੇ ਇਸ ਕਦਮਦਾ ਪਹਿਲਾਂ ਭੋਰਾ ਵੀ ਇਲਮ ਨਹੀਂ ਸੀ। ਗੱਲਬਾਤ ਦੌਰਾਨ ਕਾਫੀ ਭਾਵੁਕ ਹੋ ਗਏ ਬਲਵੰਤ ਸਿੰਘ ਰਾਮੂਵਾਲੀਆ ਨੇ ਆਪਣੀ ਧੀ ਨੂੰ ਅਜੇ ਵੀ ਮੁੜ ਆਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਧੀ ਦੇ ਫੈਸਲੇ ਨਾਲ ਸਾਡੇ ਲਈ ਖੁਦਕੁਸ਼ੀ ਵਾਲੇ ਹਾਲਾਤ ਬਣ ਗਏ ਹਨ। ਇਸ ਮੌਕੇ ਰਾਮੂਵਾਲੀਆ ਤੇ ਉਨ੍ਹਾਂ ਦੀ ਪਤਨੀ ਦੀਆਂ ਅੱਖਾਂ ਭਰ ਆਈਆਂ। ਉਨ੍ਹਾਂ ਕਿਹਾ ਕਿ ਧੀ ਨੇ ਸਾਡੇ ਨਾਲ ਉਹ ਕੀਤਾ, ਜੋ ਕੋਈ ਨਹੀਂ ਕਰ ਸਕਦਾ। ਅਸੀਂ ਸੁਪਨੇ ਵਿਚ ਨਹੀਂ ਸੋਚਿਆ ਸੀ ਕਿ ਏਦਾਂ ਹੋਵੇਗਾ। ਉਨ੍ਹਾਂ ਕਿਹਾ ਕਿ ਸਾਡੀ ਕੁੜੀ ਨੇ ਗਦਾਰੀ ਕੀਤੀ ਹੈ।

### * ਭਾਜਪਾ ਵਿੱਚ ਜਾ ਕੇ ਕੁੜੀ ਨੇ ਗਦਾਰੀ ਕੀਤੀ ਹੈ : ਰਾਮੂੰਵਾਲੀਆ

ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਵਰਗੇ ਸ਼ਹੀਦਾਂ ਦੇ ਨਿਸ਼ਾਨੇ ਵਾਲੇ ਕਿਸਾਨ ਅੰਦੋਲਨ ਮੌਕੇ ਸਾਡੀ ਧੀ ਨੇ ਉਨ੍ਹਾਂ ਸਭ ਦੇ ਨਾਲ ਗਦਾਰੀ ਕੀਤੀ ਹੈ। ਕਿਸਾਨ



ਅੰਦੋਲਨ ਵਿੱਚ 700 ਕਿਸਾਨ ਸ਼ਹੀਦ ਹੋਏ ਹਨ, ਪਤਾ ਨਹੀਂ ਸਾਡੀ ਧੀ ਨੇ ਏਦਾਂ ਕਿਉਂ ਕੀਤਾ। ਉਨ੍ਹਾਂ ਕਿਹਾ ਕਿ ਉਹ ਸਾਡਾ ਫੋਨ ਵੀ ਨਹੀਂ ਚੁੱਕਦੀ, ਉਹ ਵਾਪਸ ਵੀ ਆਵੇ ਤਾਂ ਦੂਰੀਆਂ ਘੱਟ ਨਹੀਂ ਹੋਣੀਆਂ।







# ਸਕਾਰਬੌਰੋ ਦੇ ਮੋਟਲ ਦੇ ਕਮਰੇ ਵਿੱਚ ਲੱਗੀ ਅੱਗ, ਇੱਕ ਵਿਅਕਤੀ ਦੀ ਹੋਈ ਮੌਤ

...ਪੰਨਾ 1 ਦਾ ਬਾਕੀ

ਘਟਨਾ ਸਵੇਰੇ 7:00 ਵਜੇ ਕਿੰਗਸਟਨ ਰੋਡ ਤੇ ਰੌਕਵੁੱਡ ਡਰਾਈਵ ਏਰੀਆ ਵਿੱਚ ਸਥਿਤ ਰੌਏਕ੍ਰਫਟ ਮੋਟਲ ਵਿੱਚ ਵਾਪਰੀ। ਹੋਟਲ ਦੇ ਕਮਰੇ ਵਿੱਚੋਂ ਧੂੰਆਂ ਨਿਕਲਦਾ ਵੇਖ ਕੇ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ।ਪੈਰਾਮੈਡਿਕਸ ਤੋਂ ਪਹਿਲਾਂ ਪੁਲਿਸ ਮੌਕੇ ਉੱਤੇ ਪਹੁੰਚ ਗਈ ਤੇ ਉਨ੍ਹਾਂ ਦੱਸਿਆ ਕਿ ਧੂੰਏ ਕਾਰਨ ਉਨ੍ਹਾਂ ਨੂੰ ਕਮਰੇ ਵਿੱਚ ਦਾਖਲ ਹੋਣ ਲਈ ਕਾਫੀ ਸੰਘਰਸ਼ ਕਰਨਾ ਪਿਆ।ਕਮਰੇ ਵਿੱਚ ਦਾਖਲ ਹੋਏ ਪੁਲਿਸ ਅਧਿਕਾਰੀਆਂ ਨੂੰ ਇੱਕ ਵਿਅਕਤੀ ਬੇਸੁੱਧ ਹਾਲਤ ਵਿੱਚ ਮਿਲਿਆ। ਗੰਭੀਰ ਹਾਲਤ ਵਿੱਚ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਜਿਸ ਕਮਰੇ ਵਿੱਚ ਇਹ ਘਟਨਾ ਵਾਪਰੀ ਉੱਥੇ ਸਿਰਫ ਉਹ ਹੀ ਰਹਿ ਰਿਹਾ ਸੀ। ਟੋਰਾਂਟੋ ਫਾਇਰ ਦਾ ਕਹਿਣਾ ਹੈ ਕਿ ਅੱਗ ਕਮਰੇ ਦੇ ਅੰਦਰ ਹੀ ਲੱਗੀ ਸੀ ਤੇ ਉਸ ਉੱਤੇ ਜਲਦ ਹੀ ਕਾਬੂ ਪਾ ਲਿਆ ਗਿਆ। ਜਾਂਚ ਲਈ ਇਸ ਇਲਾਕੇ ਦੀਆਂ ਸੜਕਾਂ ਬੰਦ ਕਰ ਦਿੱਤੀਆਂ ਗਈਆਂ। ਅੱਗ ਕਿਉਂ ਤੇ ਕਿਵੇਂ ਲੱਗੀ ਇਸ ਬਾਰੇ ਅਜੇ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ।






# ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੀ ਰਿਹਾਇਸ਼ ਉੱਤੇ ਪੰਜਾਬ ਪੁਲਿਸ ਦਾ ਦੇਰ ਸ਼ਾਮ ਛਾਪਾ

ਚੰਡੀਗੜ੍ਹ, 2 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਵਿਜੀਲੈਂਸ ਵਿਭਾਗ ਦੀ ਇਕ ਟੀਮ ਨੇ ਸੋਮਵਾਰ ਦੇਰ ਸ਼ਾਮ ਇਕ ਵਾਰ ਫਿਰ ਪੰਜਾਬ ਪੁਲਸ ਦੇ ਸਾਬਕਾ ਮੁਖੀ(ਡੀ ਜੀ ਪੀ) ਸੁਮੇਧ ਸਿੰਘ ਸੈਣੀ ਦੇ ਸੈਕਟਰ 20 ਵਾਲੇ ਘਰਛਾਪਾ ਮਾਰਿਆ, ਪਰ ਇਹ ਜਾਣਕਾਰੀ ਨਹੀਂ ਮਿਲ ਸਕੀ ਕਿ ਵਿਜੀਲੈਂਸ ਅੱਜ ਕਿਹੜੇ ਕੇਸ ਵਿਚ ਸਾਬਕਾ ਡੀ ਜੀ ਪੀਸੈਣੀ ਦੇ ਘਰਛਾਪਾ ਮਾਰਨ ਆਈ ਸੀ। ਵਿਜੀਲੈਂਸ ਅਧਿਕਾਰੀ ਵੀ ਇਸ ਬਾਰੇ ਗੱਲ ਨਹੀਂ ਕਰ ਰਹੇ ਸਨ।

## * ਵਿਜੀਲੈਂਸ ਨੇ ਨਵਾਂ ਕੇਸ ਦਰਜ ਕੀਤਾ

ਅੱਜ ਦੀ ਪੰਜਾਬ ਵਿਜੀਲੈਂਸ ਦੀ ਇਸ ਕਾਰਵਾਈ ਮੌਕੇ ਸੁਮੇਧ ਸਿੰਘ ਸੈਣੀ ਦੇ ਵਕੀਲ ਰਮਨਪ੍ਰੀਤ ਸਿੰਘ ਉਸ ਘਰ ਪਹੁੰਚੇ, ਪਰ ਵਿਜੀਲੈਂਸ ਨੇ ਉਨ੍ਹਾਂ ਨੂੰ ਅੰਦਰ ਨਹੀਂ ਜਾਣ ਦਿੱਤਾ। ਰਮਨਪ੍ਰੀਤ ਸਿੰਘ ਨੇ ਵਿਜੀਲੈਂਸ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਅੰਦਰ ਜਾਣ ਤੋਂ ਨਹੀਂ ਰੋਕ ਸਕਦੇ, ਕਿਉਂਕਿ ਇਹ ਨਿੱਜੀ ਜਾਇਦਾਦ ਹੈ ਤੇ ਉਹ ਵਿਜੀਲੈਂਸ ਹਿਰਾਸਤ ਵਿਚ ਨਹੀਂ ਹੈ। ਉਨ੍ਹਾਂ ਵਿਜੀਲੈਂਸ ਅਫਸਰਾਂ ਨੂੰ ਇਹ ਵੀ ਕਿਹਾ ਕਿ ਤੁਸੀਂ ਜੋਕਾਰਵਾਈ ਕਰਨੀ ਹੈ, ਉਸਦੇ ਲਈ ਪਹਿਲਾਂ ਲੋਕਲ ਪੁਲਿਸ (ਚੰਡੀਗੜ੍ਹ ਯੂ ਟੀ ਪੁਲਿਸ) ਨੂੰ ਸੂਚਨਾ ਦਿਓ। ਵਿਜੀਲੈਂਸ ਅਫਸਰਾਂ ਨੇ ਸੁਮੇਧ ਸੈਣੀ ਦੇ ਵਕੀਲ ਨੂੰ ਕਿਹਾ ਕਿ ਉਹ ਉਨ੍ਹਾਂ ਦੇ ਕੰਮ ਵਿਚ ਦਖ਼ਲਨਾ ਦੇਣ, ਵਿਜੀਲੈਂਸ ਟੀਮ ਪੂਰੀ ਤਰ੍ਹਾਂ ਕਾਨੂੰਨ ਦੇ ਮੁਤਾਬਕ ਆਪਣਾ ਕੰਮ ਕਰ ਰਹੀ ਹੈ। ਸਾਬਕਾ ਡੀ ਜੀ ਪੀ ਦੇ ਵਕੀਲ



ਰਮਨਪ੍ਰੀਤ ਸਿੰਘ ਨੇ ਦੱਸਿਆ ਕਿ ਸੁਮੇਧ ਸਿੰਘ ਸੈਣੀ ਆਪਣੇ ਘਰ ਨਹੀਂ ਤੇ ਇਹਸੂਚਨਾ ਉਨ੍ਹਾਂ ਨੂੰ ਸੈਣੀ ਦੇ ਸੁਰੱਖਿਆ ਵਾਲਿਆਂ ਨੇ ਦਿੱਤੀ ਹੈ।ਉਨ੍ਹਾ ਕਿਹਾ ਕਿ ਕਿਉਂਕਿ ਉਹ ਸੁਮੇਧ ਸਿੰਘ ਸੈਣੀ ਵਾਲੇ ਕੇਸ ਲੜਦੇ ਹਨ ਤੇ ਲਗਾਤਾਰ ਉਨ੍ਹਾਂ ਦੇ ਸੰਪਰਕ ਵਿਚ ਰਹਿੰਦੇ ਹਨ, ਇਸ ਲਈ ਸੈਣੀ ਦੇ ਸੁਰੱਖਿਆ ਮੁਲਾਜ਼ਮ ਉਨ੍ਹਾਂ ਨੂੰ ਜਾਣਦੇ ਹਨ ਅਤੇ ਉਨ੍ਹਾਂ ਨੂੰ ਸੁਰੱਖਿਆ ਮੁਲਾਜ਼ਮਾਂ ਤੋਂ ਹੀ ਛਾਪੇ ਦਾ ਪਤਾ ਲੱਗਾ ਤਾਂ ਏਥੇ ਆਏ ਹਨ।

ਅੱਜ ਦੇਰ ਸ਼ਾਮ ਸਾਬਕਾ ਡੀ ਜੀ ਪੀਸੁਮੇਧ ਸਿੰਘ ਸੈਣੀ ਦੇ ਘਰ ਪਹੁੰਚੀ ਵਿਜੀਲੈਂਸ ਟੀਮ ਨੂੰ ਸੈਣੀ ਦੇ ਸੁਰੱਖਿਆ ਮੁਲਾਜ਼ਮਾਂ ਨੇ ਦੱਸਿਆ ਕਿ ਉਹ ਘਰ ਨਹੀਂ ਹਨ। ਸਿਵਲ ਵਰਦੀ ਵਿਚ ਆਏ ਵਿਜੀਲੈਂਸ ਅਧਿਕਾਰੀਆਂ ਨੂੰ ਜਦੋਂ ਮੀਡੀਆ ਨੇ ਸਵਾਲ ਕੀਤੇ ਤਾਂ ਉਨ੍ਹਾਂ ਇਸ ਛਾਪੇ ਦਾ ਕਾਰਨ ਨਹੀਂ ਦੱਸਿਆ ਅਤੇ ਸਿਰਫ਼ ਏਨਾ ਕਿਹਾ ਕਿ ਉਹ ਹਾਲੇ ਕੁਝ ਨਹੀਂ ਦੱਸ ਸਕਦੇ। ਦੇਰ ਰਾਤ ਤਕ ਵਿਜੀਲੈਂਸ ਦੀ ਟੀਮ ਸੈਣੀ ਦੇ ਘਰ ਦੇ ਅੰਦਰ ਹੀ ਮੌਜੂਦ ਸੀ।

# ਆਸਟਰੇਲੀਆ ਦੇ ਸਿਡਨੀ ਵਿੱਚ ਕੋਰੋਨਾ ਨੂੰ ਕੰਟਰੋਲ ਕਰਨ ਲਈ ਫੌਜ ਤਾਇਨਾਤ

ਸਿਡਨੀ, 2 ਅਗਸਤ, (ਪੋਸਟ ਬਿਊਰੋ)- ਆਸਟ੍ਰੇਲੀਆ ਵਿੱਚ ਡੈਲਟਾ ਵਾਇਰਸ ਕੰਟਰੋਲ ਕਰਨ ਲਈ ਲਗਾਤਾਰ ਸੰਘਰਸ਼ ਦੌਰਾਨ ਮਹਾਮਾਰੀਦੀ ਇਨਫੈਕਸ਼ਨ ਦੇ ਕੇਸਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਕੋਰੋਨਾ ਦਾ ਕਹਿਰ ਵਧਦਾ ਵੇਖ ਕੇਫੌਜ ਦੀ ਮਦਦ ਲੈਣੀ ਪਈ ਤੇ ਕਈ ਰਾਜਾਂ ਵਿੱਚ ਲਾਕਡਾਊਨ ਵਧਾਉਣ ਦਾ ਫੈਸਲਾ ਹੋਇਆ ਹੈ।ਆਸਟ੍ਰੇਲੀਆ ਵਿੱਚ ਕੋਰੋਨਾ ਪਾਬੰਦੀਆਂ ਤੋਂ ਬਾਅਦ ਵੀ ਲਗਾਤਾਰ ਕੇਸ ਵਧ ਰਹੇ ਹਨ ਅਤੇ ਤਾਜ਼ਾ ਰਿਪੋਰਟਮੁਤਾਬਕ ਆਸਟ੍ਰੇਲੀਆ ਨੇ ਬ੍ਰਿਸਬੇਨ ਵਿੱਚ ਲਾਕਡਾਊਨ ਦੇ ਨਾਲ ਪਾਬੰਦੀਆਂ ਨੂੰ ਹੋਰ ਵਧਾ ਦਿੱਤਾ ਹੈ।



ਇਸ ਦੌਰਾਨ ਦੁਨੀਆ ਵਿੱਚ ਕੋਰੋਨਾ ਤੋਂ ਸਭ ਤੋਂ ਵੱਧਪ੍ਰਭਾਵਤ ਦੇਸ਼ ਅਮਰੀਕਾ ਇਸ ਸਮੇਂ ਬੇਹੱਦ ਬੁਰੇਹ-ਾਲਾਤ ਵਿੱਚ ਹੈ। ਫਲੋਰਿਡਾ ਇਸ ਵਕਤ ਕੋਰੋਨਾ ਵਾਇਰਸ ਦਾ ਨਵਾਂ ਹਾਟਸਪਾਟ ਬਣ ਚੁੱਕਾ ਹੈ ਤੇ ਰਿਪੋਰਟ ਮੁਤਾਬਕ ਫਲੋਰਿਡਾ ਵਿੱਚਅੱਜ ਇੱਕੋ ਦਿਨ ਵਿੱਚ ਕੋਰੋਨਾ ਦੇ 21,683 ਨਵੇਂ ਕੇਸਮਿਲੇ ਹਨ।ਏਥੇ ਮਹਾਮਾਰੀ ਦੀ ਸ਼ੁਰੂਆਤ ਮਗਰੋਂ ਪਹਿਲੀ ਵਾਰ ਇਕ ਦਿਨ ਵਿੱਚ ਏਨੇ ਕੇਸ ਮਿਲੇ ਹਨ, ਜਿਸ ਨਾਲ ਚਿੰਤਾ ਵਧ ਰਹੀ ਹੈ।

ਓਧਰ ਚੀਨ ਵਿੱਚ ਫਿਰ ਕੋਰੋਨਾ ਵਾਇਰਸ ਦਾ ਕਹਿਰ ਵਧ ਰਿਹਾ ਹੈ।ਖਬਰ ਏਜੰਸੀ ਦੇ ਮੁਤਾਬਕ ਜਿਆਂਗਸੂ ਰਾਜ ਵਿੱਚਲੋਕਲ ਪੱਧਰ ਉੱਤੇ ਇਨਫੈਕਸ਼ਨ ਦੇ ਨਵੇਂ ਕੇਸ ਮਿਲਣ ਬਾਰੇ ਲੋਕਲ ਸਿਹਤ ਕਮਿਸ਼ਨ ਨੇ ਪੁਸ਼ਟੀ ਕੀਤੀ ਹੈ। ਇਨ੍ਹਾਂਕੇਸਾਂ ਵਿੱ-ਚਰਾਜ ਦੀ ਰਾਜਧਾਨੀ ਨਾਨਜਿੰਗ, ਯੰਗਜਹੌ ਸ਼ਹਿਰਅਤੇ ਹੁਆਆਨਦੇ ਲੋਕ ਸ਼ਾਮਲ ਹਨ।93 ਲੱਖ ਤੋਂ ਵੱਧ ਦੀ ਆਬਾਦੀ ਵਾਲੀ ਇਸ ਸੂਬਾਈ ਰਾਜਧਾਨੀ ਵਿੱਚਕੇਸ ਲਗਾਤਾਰ ਵਧ ਰਹੇ ਦੱਸੇ ਗਏ ਹਨ।

# ਅਮਰੀਕਾ ਵਿੱਚ ਸਟੋਰ ਉੱਤੇ ਕੰਮ ਕਰ ਰਹੇ ਪੰਜਾਬੀ ਨੂੰ ਗੋਲੀ ਮਾਰੀ, ਹਸਪਤਾਲ ਦਾਖਲ

ਬੇਗੋਵਾਲ, 2 ਅਗਸਤ, (ਪੋਸਟ ਬਿਊਰੋ)- ਅਮਰੀਕਾ ਦੇ ਜੌਰਜੀਆ ਸਟੇਟ ਵਿੱਚ ਆਪਣੇ ਸਟੋਰ ਉੱਤੇ ਕੰਮ ਕਰ ਰਹੇ 37 ਸਾਲਾ ਪੰਜਾਬੀ ਨੌਜਵਾਨ ਨੂੰ ਓਥੇ ਆਏ ਵਿਅਕਤੀ ਵੱਲੋਂ ਗੋਲੀ ਮਾਰ ਦੇਣ ਦਾ ਪਤਾ ਲੱਗਾ ਹੈ।

ਪੀੜਤ ਨੌਜਵਾਨ ਕਰਨਜੀਤ ਸਿੰਘ ਜ਼ਿਲਾ ਕਪੂਰਥਲਾ ਦੇ ਬੇਗੋਵਾਲ ਤੋਂ ਗਿਆ ਹੈ ਅਤੇ ਉਸ ਦੇ ਪਿਤਾ ਬਲਵਿੰਦਰ ਸਿੰਘ ਪੰਜਾਬ ਪੁਲਸ ਦੇ ਸਾਬਕਾ ਮੁਲਾਜ਼ਮ ਹਨ। ਉਨ੍ਹਾਮੁਤਾਬਕ ਕਰਨਜੀਤ ਸਿੰਘ ਸਾਲ 2009 ਵਿੱਚ ਅਮਰੀਕਾ ਗਿਆ ਤੇ 4 ਸਾਲ ਬਾਅਦ ਪੱਕਾ ਹੋ ਕੇ ਪੰਜਾਬ ਆਇਆ ਸੀ ਤੇ ਸਾਲ 2014 ਵਿੱਚ ਉਸ ਦਾ ਵਿਆਹ ਕੀਤਾਸੀ।ਉਨ੍ਹਾਂ ਦੱਸਿਆ ਕਿ ਕਰਨਜੀਤ ਆਪਣੀ ਪਤਨੀ ਤੇ 2 ਛੋਟੇ ਬੱਚਿਆਂ ਨਾਲ ਅਮਰੀਕਾ ਵਿੱਚ ਰਹਿੰਦਾਹੈ।ਕੱਲ੍ਹ ਅਮਰੀਕਨ ਸਮੇਂ ਮੁਤਾਬਕ 1 ਅਗਸਤ ਨੂੰ ਸਟੋਰ ਖੋਲ੍ਹਣ ਤੋਂ ਬਾਅਦ ਕਰਨਜੀਤ ਉੱਥੇ ਮੌਜੂਦ ਸੀ ਕਿ ਇੱਕ ਅਮਰੀਕਨ ਗੈਰ-ਗੋਰਾ ਆਇਆ ਤੇ ਉਸ ਨੇ ਕਰਨਜੀਤ ਦੇ ਗੋਲੀ ਮਾਰ ਦਿੱਤੀ, ਜਿਸ ਪਿੱਛੋਂ ਕਰਨਜੀਤ ਨਾਰਥ ਈਸਟ ਜੌਰਜੀਆ ਮੈਡੀਕਲ ਸੈਂਟਰ ਵਿੱਚਦਾਖਲਹੈ। ਓਥੇ ਡਾਕਟਰਾਂ ਨੇ ਦੱਸਿਆ ਕਿ ਗੋਲੀ ਕਰਨਜੀਤ ਦੇ ਢਿੱਡ ਵਿੱਚ ਲੱਗਣ ਪਿੱਛੋਂ ਸੱਜੇ ਪੱਟ ਵਿੱਚ ਚਲੀ ਗਈ ਸੀ। ਡਾਕਟਰਾਂ ਨੇ ਪੇਟ ਦਾ ਆਪ੍ਰੇਸ਼ਨ ਕਰ ਦਿੱਤਾ ਤੇ ਅਗਲਾ ਇਲਾਜ ਜਾਰੀ ਹੈ। ਉਨ੍ਹਾਂ ਹੋਰ ਦੱਸਿਆ ਕਿ ਗੋਲੀ ਮਾਰਨ ਵਾਲੇ ਨੂੰ ਅਮਰੀਕਨ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ।



ਇਸ ਤੋਂ ਪਹਿਲਾਂ ਏਦਾਂ ਦੀ ਗੋਲੀਬਾਰੀ ਸ਼ਨੀਵਾਰ ਨੂੰ ਨਿਊਯਾਰਕ ਖੇਤਰ ਵਿੱਚ ਹੋਈ ਸੀ। ਨਿਊਯਾਰਕ ਪੁਲਸ ਨੇ ਦੱਸਿਆ ਕਿ ਇਸ ਗੋਲੀਬਾਰੀ ਵਿੱਚ ਦੋ ਨਕਾਬਪੋਸ਼ਾਂ ਨੇ ਸ਼ਨੀਵਾਰ ਰਾਤ ਨਿਊਯਾਰਕ ਸਿਟੀ ਨੇੜਲੇ ਇਲਾਕੇ ਦੀ ਭੀੜ ਭਰੀ ਸੜਕ ਉੱਤੇ 10 ਲੋਕਾਂ ਨੂੰ ਜ਼ਖ਼ਮੀ ਕੀਤਾ ਤੇ ਇੱਕ ਬਾਈਕ ਉੱਤੇ ਫਰਾਰ ਹੋ ਗਏ।ਨਿਊਯਾਰਕ ਪੁਲਸ ਦੇ ਦੱਸਣ ਅਨੁਸਾਰ ਇਹ ਘਟਨਾ ਕਿਸੇ ਗੈਂਗ ਦੀ ਹਿੰਸਾ ਨਾਲ ਜੁੜਦੀ ਜਾਪਦੀ ਹੈ, ਪਰ ਇਸ ਦੇ 7 ਪੀੜਤ ਲੋਕ ਨਿਰਦੋਸ਼ ਸਨ, ਜਿਨ੍ਹਾਂ ਵਿੱਚ ਇੱਕ 72 ਸਾਲਾ ਬਜ਼ੁਰਗ ਸ਼ਾਮਲ ਹੈ। ਇਹ ਗੋਲੀਬਾਰੀ ਸ਼ਨੀਵਾਰ ਰਾਤ ਸ਼ਹਿਰ ਦੇ ਕੁਈਨਜ਼ ਬੋਰੋਦੀ ਇੱਕ ਬਾਰਬਰ ਸ਼ਾਪ ਅਤੇ ਇੱਕ ਰੈਸਟੋਰੈਂਟ ਦੇ ਬਾਹਰ ਵਾਪਰੀ। ਇਸ ਬਾਰੇ ਸੀ ਸੀਟੀ ਵੀ ਫੁਟੇਜ ਦੇ ਵਿੱਚ ਮਾਸਕ ਪਹਿਨੀ ਦੋ ਜਣੇ ਕੁਈਨਜ਼ ਦੀ 97ਵੀਂ ਸਟ੍ਰੀਟ ਕੋਲ 37ਵੇਂ ਐਵੇਨਿਊ ਉੱਤੇ ਪੂਰਬ ਵੱਲ ਨੂੰਜਾਂਦੇ ਗੋਲੀਬਾਰੀ ਕਰਦੇ ਦਿੱਸਦੇ ਹਨ। ਘਟਨਾ ਸਥਾਨ ਉੱਤੇ ਘੱਟੋ-ਘੱਟ 37 ਗੋਲੀਆਂ ਦੇ ਖੋਲ ਮਿਲੇ ਹਨ ਅਤੇ ਪੁਲਸ ਹੋਰ ਸਬੂਤਾਂ ਲਈ ਅਪਰਾਧ ਵਾਲੀ ਥਾਂਉੱਤੇ ਜਾਂਚ ਕਰ ਰਹੀ ਹੈ। ਇਸ ਗੋਲੀਬਾਰੀ ਦੇ ਤਿੰਨ ਲੋਕ ਟ੍ਰਿਨਿਟੇਰੀਓਸ ਸਟ੍ਰੀਟ ਗੈਂਗ ਦੇ ਮੈਂਬਰ ਦੱਸੇ ਗਏ ਹਨ।

# ਸਿਰ ਵਿੱਚ ਡੰਡਾ ਮਾਰ ਕੇ ਨੌਜਵਾਨ ਦਾ ਕਤਲ

ਭਗਤਾ ਭਾਈ, 2 ਅਗਸਤ (ਪੋਸਟ ਬਿਊਰੋ)- ਥਾਣਾ ਦਿਆਲਪੁਰਾ ਭਾਈਕਾ ਦੇ ਪਿੰਡ ਕੋਇਰ ਸਿੰਘ ਵਾਲਾ ਵਿੱਚ ਕੁਝ ਲੋਕਾਂ ਨੇ 20 ਸਾਲਾ ਨੌਜਵਾਨ ਦੇ ਸਿਰ ਵਿੱਚ ਡੰਡਾ ਮਰਾ ਕੇ ਉਸ ਦਾ ਕਤਲ ਕਰ ਦਿੱਤਾ ਹੈ। ਪਤਾ ਲੱਗਾ ਹੈ ਕਿ ਮ੍ਰਿਤਕ ਦਵਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਰੌਂਤਾ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਦੀ ਮਾਤਾ ਕਰਮਜੀਤ ਕੌਰ ਨੇ ਪੁਲਸ ਨੂੰ ਦੱਸਿਆ ਕਿ ਕੱਲ੍ਹ ਜਦੋਂ ਉਹ ਤੇ ਉਸ ਦਾ ਪੁੱਤਰ ਦਵਿੰਦਰ ਸਿੰਘ ਪਿੰਡ ਕੋਇਰ ਸਿੰਘ ਵਾਲਾ ਤੋਂ ਲੰਘ ਰਹੇ ਸਨ ਤਾਂ ਦੋ ਨੌਜਵਾਨਾਂ ਨੇ ਉਨ੍ਹਾਂ ਨੂੰ ਘੇਰ ਕੇ ਲੱਕੜ ਦੇ ਡੰਡੇ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਦਵਿੰਦਰ ਸਿੰਘ ਗੰਭੀਰ ਜ਼ਖਮੀ ਹੋ ਗਿਆ, ਜਦੋਂ ਉਸ ਨੂੰ ਬਾਘਾਪੁਰਾਣਾ ਵਿੱਚ ਇਲਾਜ ਲਈ ਲਿਜਾ ਰਹੇ ਸਨ ਤਾਂ ਰਸਤੇ ਵਿੱਚ ਉਸ ਦੀ ਮੌਤ ਹੋ ਗਈ। ਕਰਮਜੀਤ ਕੌਰ ਨੇ ਦੱਸਿਆ ਕਿ ਦਵਿੰਦਰ ਸਿੰਘ ਕੁਝ ਸਮਾਂ ਪਹਿਲਾਂ ਆਪਣੇ ਦੋਸਤਾਂ ਨਾਲ ਟੂਰ ਉੱਤੇ ਗਿਆ ਸੀ ਅਤੇ ਉਥੇ ਉਨ੍ਹਾਂ ਦਾ ਕਿਸੇ ਗੱਲ ਨੂੰ ਲੈ ਕੇ ਰੌਲਾ ਪੈ ਗਿਆ ਸੀ। ਇਸੇ ਰੰਜਿਸ਼ ਕਾਰਨ ਹੀ ਹਮਲਾਵਰਾਂ ਨੇ ਹਮਲਾਕੀਤਾ ਸੀ। ਥਾਣਾ ਮੁਖੀ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਦਵਿੰਦਰ ਸਿੰਘ ਦੀ ਮਾਤਾ ਕਰਮਜੀਤ ਕੌਰ ਦੇ ਬਿਆਨਾਂ ਉੱਤੇਪੁਲਸ ਨੇ ਦੋਸ਼ੀਆਂ ਸੁਖਚੈਨ ਸਿੰਘ ਵਾਸੀ ਕੋਇਰ ਸਿੰਘ ਵਾਲਾ ਅਤੇ ਲਵਪ੍ਰੀਤ ਸਿੰਘ ਵਾਸੀ ਭੋਡੀਪੁਰਾ ਦੇ ਖਿਲਾਫ ਧਾਰਾ 302 ਅਧੀਨ ਕੇਸ ਦਰਜ ਕੀਤਾ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਮਾਲਵੇ ਵਿੱਚ ਕਾਂਗਰਸ ਨੂੰ ਝਟਕਾ: ਮਨਪ੍ਰੀਤ ਬਾਦਲ ਦੇ ਨੇੜਲੇ ਜਗਰੂਪ ਸਿੰਘ ਗਿੱਲ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ

ਚੰਡੀਗੜ੍ਹ, 2 ਅਗਸਤ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਮਾਲਵਾ ਖੇਤਰ ਵਿੱਚ ਕਾਂਗਰਸ ਨੂੰ ਵੱਡਾ ਝਟਕਾ ਦੇ ਦਿੱਤਾ ਹੈ। ਕੈਪਟਨ ਅਮਰਿੰ-ਦਰ ਸਿੰਘ ਦੇ ਕਰੀਬੀ ਸਾਥੀ ਗੁਰਮੀਤ ਸਿੰਘ ਖੁੱਡੀਆਂ ਤੋਂ ਬਾਅਦ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਸਾਥੀ ਅਤੇ ਬਠਿੰਡਾ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਜਗਰੂਪ ਸਿੰਘ ਗਿੱਲਅੱਜ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਅਤੇ ਕਈ ਹੋਰਨਾਂ ਨੇ ਅੱਜ ਸੋਮਵਾਰ ਨੂੰ ਪਾਰਟੀ ਦਫ਼ਤਰ ਵਿਖੇ ਰਸਮੀ ਤੌਰ ਉੱਤੇਜਗਰੂਪ ਸਿੰਘ ਗਿੱਲ ਦਾ ਸਵਾਗਤ ਕੀਤਾ।

ਜਗਰੂਪ ਸਿੰਘ ਗਿੱਲ ਤੇ ਉਨ੍ਹਾਂ ਦੇ ਸਮਰਥਕਾਂ ਦੇ ਸਵਾਗਤ ਮੌਕੇ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜਿਹੜੇ ਲੋਕ ਪੰਜਾਬ ਦੀ ਖੁਸ਼ਹਾਲੀ ਚਾਹੁੰਦੇ ਹਨ, ਉਨ੍ਹਾਂ ਦਾ ਆਮ ਆਦਮੀ ਪਾਰਟੀ ਵਿੱਚ ਸਵਾਗਤ ਹੈ।ਉਨ੍ਹਾ ਕਿਹਾ ਕਿ ਗੁਰਮੀਤ ਸਿੰਘ ਖੁੱਡੀਆਂ ਅਤੇਜਗਰੂਪ ਸਿੰਘ ਗਿੱਲ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਬਠਿੰਡਾ ਸਮੇਤ ਪੂਰੇ ਮਾਲਵੇ ਵਿੱਚ ਕਾਂਗਰਸ ਦਾ ਲੱਕ ਟੁੱਟ ਗਿਆ ਜਾਪਦਾ ਹੈ। ਜਗਰੂਪ ਸਿੰਘ ਗਿੱਲ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਨਗਰ ਕੌਂਸਲ ਦੇ ਪ੍ਰਧਾਨ ਰਹਿ ਚੁੱਕੇ ਹਨ। ਉਹ 1979 ਤੋਂ ਕੌਂਸਲਰ ਬਣਦੇ ਆਏ ਹਨ ਅਤੇ 7ਵੀਂ ਵਾਰ ਕੌਂਸਲਰ ਹਨ।




ਇਸ ਮੌਕੇ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਬਾਦਲਾਂ ਅਤੇ ਕਾਂਗਰਸ ਦੇ ਮਾਫ਼ੀਆ ਰਾਜ ਤੋਂ ਅੱਕੇ ਹੋਏ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨੂੰ ਸੂਬੇ ਦੇ ਉਜਲ ਭਵਿੱਖ ਵਜੋਂ ਦੇਖਦੇ ਹਨ, ਇਸ ਲਈ ਇਸ ਦਾ ਕਾਫ਼ਲਾ ਦਿਨ ਪ੍ਰਤੀ ਦਿਨ ਵਧੀ ਜਾਂਦਾ ਹੈ।ਜਗਰੂਪ ਸਿੰਘ ਗਿੱਲ ਨੇ ਕਿਹਾ, 'ਪੰਜਾਬ ਇਸ ਵੇਲੇ ਤਬਦੀਲੀ ਦੀ ਕਰਵਟ ਲੈ ਰਿਹਾ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਉਡੀਕ ਕਰ ਰਿਹਾ ਹੈ।'


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਕੀ ਸ਼ਹੀਦ ਊਧਮ ਸਿੰਘ ਦੇ ਕੋਈ ਵਾਰਸ ਵੀ ਹਨ ?

ਸੁਨਾਮ, 2 ਅਗਸਤ (ਪੋਸਟ ਬਿਊਰੋ)- ਸ਼ਹੀਦ ਊਧਮ ਸਿੰਘ ਮੈਮੋਰੀਅਲ ਦਾ ਉਦਘਾਟਨ ਕਰਨ ਸਮੇਂ ਕੱਲ੍ਹ ਸੂਬਾ ਪੱਧਰੀ ਸਮਾਗਮ ਵਿਚ ਸ਼ਹੀਦ ਊਧਮ ਸਿੰਘ ਦੇ ਵਾਰਸਾਂ ਨੂੰ ਸਨਮਾਨਤ ਕੀਤਾ ਗਿਆ, ਪਰ ਸ਼ਹੀਦ ਊਧਮ ਸਿੰਘ ਦਾ ਕੋਈ ਵਾਰਸ ਹੀ ਨਹੀਂ ਸੀ। ਕਾਨੂੰਨੀ ਤੌਰ ਉੱਤੇ ਵਾਰਸ ਉਸ ਨੇ ਕਿਹਾ ਜਾਂਦਾ ਹੈ, ਜੇ ਆਪਣੀ ਔਲਾਦ ਹੋਵੇ ਜਾਂ ਭੈਣ ਭਾਈ ਜਾਂ ਉਨ੍ਹਾਂ ਦੀ ਔਲਾਦ ਹੋਵੇ, ਪ੍ਰੰਤੂ ਸ਼ਹੀਦ ਊਧਮ ਸਿੰਘ ਦੇ ਭਰਾ ਸਾਧੂ ਸਿੰਘ ਦੀ ਵੀ ਛੋਟੀ ਉਮਰੇ ਮੌਤ ਹੋ ਗਈ ਸੀ। ਵਰਨਣ ਯੋਗ ਹੈ ਕਿ ਸ਼ਹੀਦ ਊਧਮ ਸਿੰਘ ਦੇ ਪਿਤਾ ਦੋ ਭਰਾ ਸਨ। ਉਨ੍ਹਾਂ ਦੇ ਪਿਤਾ ਦਾ ਨਾਮ ਚੂਹੜ ਸੀ, ਜਿਨ੍ਹਾਂ ਦਾ ਨਾਂ ਅੰਮ੍ਰਿਤ ਛਕਣ ਪਿੱਛੋਂ ਟਹਿਲ ਸਿੰਘ ਰੱਖਿਆ ਗਿਆ ਅਤੇ ਭਰਾ ਕਾਕੂ ਸਨ, ਉਨ੍ਹਾਂ ਦੇ ਕੋਈ ਔਲਾਦ ਨਹੀਂ ਸੀ। ਊਧਮ ਸਿੰਘ ਦੇ ਪੜਦਾਦੇ ਦੇ ਦੋ ਪੁੱਤਰ ਬਸਾਊ ਤੇ ਵਧਾਊਸਨ। ਊਧਮ ਸਿੰਘ ਦੇ ਦਾਦੇ ਦਾ ਨਾਮ ਬਸਾਊ ਸੀ। ਵਧਾਊ ਦੀ ਔਲਾਦ ਵਿੱਚੋਂ ਅੱਗੇ ਆਸ ਕੌਰ ਸੀ ਤੇ ਆਸ ਕੌਰ ਦੇ ਵਾਰਸ ਹੀ ਅੱਜਕੱਲ੍ਹ ਸ਼ਹੀਦ ਊਧਮ ਸਿੰਘ ਦੇ ਵਾਰਸ ਕਹਾਉਂਦੇ ਹਨ। ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਲੇਬਰ ਵਿੰਗ ਦੇ ਜ਼ਿਲ੍ਹਾ ਪ੍ਰਧਾਨਮਨਜੀਤ ਸਿੰਘ ਕੁੱਕੂ ਨੇ ਕਿਹਾ ਕਿ ਆਸ ਕੌਰ ਦੇ ਵਾਰਸਾਂ ਪ੍ਰਵਾਰਕ ਮੈਂਬਰ ਕਹੇ ਜਾ ਸਕਦੇ ਹਨ, ਵਾਰਸ ਨਹੀਂ।ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ ਸ਼ਹੀਦ ਊਧਮ ਸਿੰਘ ਦੇ ਵਾਰਸ ਕਹਾਉਣ ਕਾਰਨ ਉਨ੍ਹਾਂ ਪਰਵਾਰਾਂ ਨੇ ਕਈ ਸਰਕਾਰੀ ਨੌਕਰੀਆਂ ਲਈਆਂ ਅਤੇ ਹਰ ਸਾਲ ਹੋਰ ਬਹੁਤ ਫ਼ਾਇਦੇ ਲਏ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਭਾਵੇਂ ਅਕਾਲੀ ਹੋਣ ਜਾਂ ਕਾਂਗਰਸੀ, ਉਨ੍ਹਾਂ ਵੱਲੋਂ ਵੀ ਕਾਨੂੰਨੀ ਪ੍ਰਕਿਰਿਆ ਤੋਂ ਲਾਂਭੇ ਹੋ ਕੇ ਅਜੋਕੇ ਕਥਿਤ ਵਾਰਸਾਂ ਨੂੰ ਸ਼ਹੀਦ ਊਧਮ ਸਿੰਘ ਦੇ ਵਾਰਸ ਕਿਹਾ ਜਾ ਰਿਹਾ ਹੈ।


# ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

4165618882, 4164544587


# ਭਾਜਪਾ ਮੰਤਰੀ ਨੇ ਕਿਹਾ: ਮੁਰਗੇ, ਬੱਕਰੇ ਦਾ ਮਾਸ ਜਾਂ ਮੱਛੀ ਖਾਣ ਦੀ ਬਜਾਏ ਬੀਫ ਵੱਧ ਖਾਓ

ਸ਼ਿਲਾਂਗ, 2 ਅਗਸਤ, (ਪੋਸਟ ਬਿਊਰੋ)- ਮੇਘਾਲਿਆ ਸਰਕਾਰ ਦੇ ਭਾਰਤੀ ਜਨਤਾ ਪਾਰਟੀ ਦੇ ਮੰਤਰੀ ਸਨਬੋਰ ਸ਼ੂਲਈ ਨੇ ਇਸ ਰਾਜ ਦੇ ਲੋਕਾਂ ਨੂੰ ਮੁਰਗਾ, ਭੇਡ ਜਾਂ ਬੱਕਰੇ ਦਾ ਮੀਟ ਜਾਂ ਮੱਛੀ ਖਾਣ ਦੀ ਬਜਾਏ ਬੀਫ ਵੱਧ ਖਾਣ ਲਈ ਕਿਹਾ ਹੈ ਅਤੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਇਸ ਦੇ ਵਿਰੁੱਧ ਹੈ।

ਪਿਛਲੇ ਹਫਤੇ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕਣ ਵਾਲੇ ਭਾਜਪਾ ਦੇ ਸੀਨੀਅਰ ਨੇਤਾ ਸਨਬੋਰ ਸ਼ੂਲਈ ਨੇ ਕਿਹਾ ਕਿ ਲੋਕਤੰਤਰੀ ਦੇਸ਼ ਵਿਚ ਹਰ ਕੋਈ ਆਪਣੀ ਪਸੰਦ ਦਾ ਭੋਜਨ ਖਾ ਸਕਦਾ ਹੈ। ਅੱਜ ਏਥੇ ਪੱਤਰਕਾਰਾਂਦੇ ਨਾਲ ਗੱਲਬਾਤ ਦੌਰਾਨ ਸ਼ੂਲਈ ਨੇ ਕਿਹਾ, 'ਮੈਂ ਲੋਕਾਂ ਨੂੰ ਮੁਰਗੀ, ਭੇਡ ਜਾਂ ਬੱਕਰੇ ਦਾ ਮਾਸ ਜਾਂ ਮੱਛੀ ਦੀ ਥਾਂ ਬੀਫ ਵੱਧ ਖਾਣ ਨੂੰ ਕਹਿੰਦਾ ਹਾਂ, ਇਹ ਧਾਰਨਾ ਕਿ ਭਾਜਪਾ ਗਊ ਹੱਤਿਆ ਉੱਤੇ ਪਾਬੰਦੀ ਲਾਏਗੀ, ਵੀ ਦੂਰ ਹੋ ਜਾਵੇਗੀ।' ਪਸ਼ੂ ਪਾਲਣ ਬਾਰੇ ਮੰਤਰੀ ਸ਼ੂਲਈ ਨੇ ਭਰੋਸਾ ਦਿੱਤਾ ਕਿ ਆਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਨਾਲ ਗੱਲ ਕਰ ਕੇ ਯਕੀਨੀ ਕੀਤਾ ਜਾਵੇਗਾ ਕਿ ਗੁਆਂਢੀ ਰਾਜ ਵਿਚ ਕਿਸੇ ਨਵੇਂ ਐਕਟ ਨਾਲ ਮੇਘਾਲਿਆ ਵਿਚ ਪਸ਼ੂਆਂ ਦੀ ਆਵਾਜਾਈ ਵਿਚ ਵਿਘਨ ਨਾ ਪਵੇ।



ਤਿੰਨ ਵਾਰ ਵਿਧਾਇਕ ਰਹੇ ਸ਼ੂਲਈ ਨੇ ਮੇਘਾਲਿਆ ਅਤੇ ਅਸਾਮ ਵਿਚਾਲੇ ਸਰਹੱਦੀ ਵਿਵਾਦਬਾਰੇਕਿਹਾ ਕਿ ਸਮਾਂ ਆ ਗਿਆ ਹੈ ਕਿ ਰਾਜ ਆਪਣੀ ਹੱਦ ਅਤੇ ਇਸ ਦੇ ਲੋਕਾਂ ਦੀ ਸੁਰੱਖਿਆ ਲਈ ਪੁਲਿਸ ਬਲ ਦੀ ਵਰਤੋਂ ਕਰੇ। ਉਨ੍ਹਾਂ ਕਿਹਾ, 'ਜੇ ਅਸਾਮ ਦੇ ਲੋਕ ਸਰਹੱਦੀ ਖੇਤਰਾਂ ਵਿਚ ਸਾਡੇ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਨ ਤਾਂ ਸਿਰਫ ਗੱਲਾਂ ਕਰਨ ਜਾਂ ਚਾਹ ਪੀਣ ਦੇ ਨਾਲ ਨਹੀਂ ਸਰਨਾ, ਸਾਨੂੰ ਮੌਕੇ ਉੱਤੇ ਹੀ ਜਵਾਬ ਦੇਣਾ ਪਵੇਗਾ।'

## ਪਾਰਲੀਮੈਂਟ ਦਾ ਆਕਾਰ ਵਧਾਉਣ ਨਾਲ ਕੀ ਹਾਸਲ ਹੋਵੇਗਾ

-ਮਨੀਸ਼ ਤਿਵਾੜੀ

ਪਾਰਲੀਮੈਂਟ ਵਿੱਚ ਸਰਕਾਰੀ ਧਿਰ ਦੇ ਬੈਂਚਾਂ ਤੋਂ ਇੱਕ ਕੁਕੂ ਪੰਛੀ ਨੇ ਮੇਰੇ ਕੰਨ ਵਿੱਚ ਘੁਸਰ-ਮੁਸਰ ਕੀਤੀ ਕਿ ਐੱਨ ਡੀ ਏ ਗੱਠਜੋੜ ਵਾਲੀ ਭਾਜਪਾ ਸਰਕਾਰ ਲੋਕ ਸਭਾ ਦਾ ਆਕਾਰ ਮੌਜੂਦਾ 543 ਸੀਟਾਂ ਤੋਂ ਵਧਾ ਕੇ ਇੱਕ ਹਜ਼ਾਰ ਤੋਂ ਵੱਧ ਕਰਨਾ ਚਾਹੁੰਦੀ ਹੈ। ਇੱਕ ਹੋਰ ਘੁਸਰ-ਮੁਸਰ ਇਹ ਹੈ ਕਿ ਰਾਜ ਸਭਾ ਦਾ ਵੀ ਵਾਧਾ ਕੀਤਾ ਜਾਵੇਗਾ। ਇਹ ਸੰਕੇਤ ਨਵੇਂ ਬਣ ਰਹੇ ਪਾਰਲੀਮੈਂਟ ਭਵਨ ਤੋਂ ਵੀ ਮਿਲਦਾ ਹੈ, ਜਿਸ ਵਿੱਚ ਦੋਵਾਂ ਸਦਨਾਂ ਤੇ ਰਾਜ ਸਭਾ ਲਈ ਵੱਡੇ ਚੈਂਬਰ ਬਣਾਏ ਜਾ ਰਹੇ ਹਨ। ਦੋਵਾਂ ਸਦਨਾਂ ਦੇ ਨਵੇਂ ਚੈਂਬਰਾਂ ਵਿੱਚ ਲੋਕ ਸਭਾ ਵਿੱਚ ਘੱਟੋ-ਘੱਟ 888 ਮੈਂਬਰਾਂ ਅਤੇ ਰਾਜ ਸਭਾ ਵਿੱਚ 384 ਮੈਂਬਰਾਂ ਦੇ ਬੈਠਣ ਦੀ ਸਮਰੱਥਾ ਹੈ। ਉਂਜ ਸਾਂਝੇ ਸੈਸ਼ਨ ਦੀ ਸੰਭਾਵਨਾ ਅਧੀਨ ਲੋਕ ਸਭਾ ਦੇ ਹਾਲ ਨੂੰ 1224 ਮੈਂਬਰਾਂ ਦੇ ਬੈਠਣ ਲਈ ਤਿਆਰ ਕੀਤਾ ਜਾ ਰਿਹਾ ਹੈ।

ਪਾਰਲੀਮੈਂਟ ਦੇ ਸਾਈਜ਼ ਵਧਾਉਣ ਦਾ ਵਿਚਾਰ ਅਸਲ ਵਿੱਚ ਨਵਾਂ ਨਹੀਂ। ਅਪ੍ਰੈਲ 2017 ਵਿੱਚ ਪ੍ਰਣਬ ਮੁਖਰਜੀ ਨੇ ਪਾਰਲੀਮੈਂਟ ਦੀ ਗਿਣਤੀ ਵਧਾਉਣ ਲਈ ਜਨਤਕ ਤੌਰ ਉੱਤੇ ਜ਼ੋਰਦਾਰ ਮੁਹਿੰਮ ਚਲਾਈ ਸੀ। ਉਸ ਵੇਲੇ ਦੇ ਰਾਸ਼ਟਰਪਤੀ ਪ੍ਰਣਬ ਮੁਕਰਜੀ ਦਾ ਵਿਚਾਰ ਸੀ ਕਿ ਸੰਵਿਧਾਨ ਕਾਨੂੰਨ 1976 (42ਵੀਂ ਸੋਧ) 1971 ਦੀ ਮਰਦਮ ਸ਼ੁਮਾਰੀ ਅਨੁਸਾਰ ਆਬਾਦੀ ਦੇ ਅੰਕੜੇ ਦਾ ਮੁੜ ਗਠਨ ਕਰਨ ਉੱਤੇ ਰੋਕ ਲਾਉਂਦਾ ਹੈ। ਇਸ ਦੀ ਸੰਵਿਧਾਨਕ (84ਵੀਂ ਸੋਧ) 2001 ਰਾਹੀਂ 2026 ਤੱਕ ਵਾਧਾ ਕੀਤਾ ਗਿਆ ਹੈ। ਨਤੀਜੇ ਵਜੋਂ ਲੋਕ ਸਭਾ ਅੱਜ 1972 ਦੀ ਮਰਦਮ ਸ਼ੁਮਾਰੀ ਦੇ ਆਬਾਦੀ ਦੇ ਅੰਕੜੇ ਦੀ ਹੀ ਪ੍ਰਤੀਨਿਧਤਾ ਕਰਦੀ ਹੈ, ਜਦ ਕਿ ਬੀਤੇ ਦਹਾਕਿਆਂ ਦੌਰਾਨ ਸਾਡੀ ਆਬਾਦੀ ਵਿੱਚ ਕਈ ਗੁਣਾਂ ਵਾਧਾ ਹੋ ਚੁੱਕਾ ਹੈ। ਇਸ ਨਾਲ ਇੱਕ ਅਸਾਵਾਂਪਣ ਪੈਦਾ ਹੋ ਗਿਆ ਹੈ, ਜਦ ਕਿ ਅੱਜ ਭਾਰਤ ਵਿੱਚ ਅੱਸੀ ਕਰੋੜ ਤੋਂ ਵੱਧ ਵੋਟਰ ਹਨ ਤੇ 543 ਲੋਕ ਸਭਾ ਚੋਣ ਹਲਕੇ 128 ਕਰੋੜ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ। ਇੱਕ ਲੋਕ ਸਭਾ ਮੈਂਬਰ 16-18 ਲੱਖ ਲੋਕਾਂ ਦਾ ਪ੍ਰਤੀਨਿਧ ਹੈ, ਜਿਸ ਨਾਲ ਉਸ ਨੂੰ ਚੁਣਨ ਵਾਲੇ ਲੋਕਾਂ ਦੇ ਸੰਪਰਕ ਵਿੱਚ ਰਹਿਣ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ?

ਉਨ੍ਹਾਂ ਨੇ ਪੂਰੀ ਭਾਵਨਾ ਨਾਲ ਤਰਕ ਦਿੱਤਾ ਕਿ ਉਦੋਂ ਤੋਂ ਆਬਾਦੀ ਦੁੱਗਣੀ ਤੋਂ ਵੱਧ ਹੋ ਚੁੱਕੀ ਹੈ ਤੇ ਡੀਲਿਮੀਟੇਸ਼ਨ ਕਾਰਜ ਉੱਤੇ ਲੱਗੀ ਰੋਕ ਹਟਾਉਣ ਦਾ 'ਜ਼ੋਰਦਾਰ ਮਾਮਲਾ' ਬਣਦਾ ਹੈ। ਆਦਰਸ਼ ਤੌਰ ਉੱਤੇ ਇਸ ਨੂੰ ਇੱਕ ਹਜ਼ਾਰ ਤੱਕ ਵਧਾ ਦੇਣਾ ਚਾਹੀਦਾ ਹੈ। ਸਾਨੂੰ ਰਚਨਾਤਮਕ ਤੌਰ ਉੱਤੇ ਸੋਚਣ ਦੀ ਲੋੜ ਹੈ, ਬਿਨਾਂ ਕਿਸੇ ਆਧਾਰ ਉੱਤੇ ਬਹਾਨੇ ਬਣਾਉਣ ਦੀ ਨਹੀਂ। ਜੇ ਬ੍ਰਿਟਿਸ਼ ਪਾਰਲੀਮੈਂਟ ਦੇ 650 ਮੈਂਬਰ ਹੋ ਸਕਦੇ ਹਨ, ਕੈਨੇਡੀਅਨ ਪਾਰਲੀਮੈਂਟ ਦੇ 443 ਅਤੇ ਅਮਰੀਕੀ ਕਾਂਗਰਸ 535 ਮੈਂਬਰ ਹੋ ਸਕਦੇ ਹਨ ਤਾਂ ਭਾਰਤੀ ਪਾਰਲੀਮੈਂਟ ਅਜਿਹਾ ਕਿਉਂ ਨਹੀਂ ਕਰ ਸਕਦੀ?

ਜੇ ਗਿਣਤੀ ਸਿਰਫ ਚੁਣੌਤੀ ਹੈ, ਜਿਸ ਦੀ ਭਾਰਤੀ ਪਾਰਲੀਮੈਂਟ ਅਤੇ ਵਿਧਾਨ ਪਾਲਿਕਾਵਾਂ ਕਾਮਨਾ ਕਰਦੀਆਂ ਹਨ ਤਾਂ ਇਸ ਦਾ ਜਵਾਬ ਹੈ ਨਾ। ਪਾਰਲੀਮੈਂਟ ਨੂੰ ਭਰੋਸੇਯੋਗਤਾ ਦੇ ਇੱਕ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਦਹਾਕਿਆਂ ਤੋਂ ਕਾਨੂੰਨ ਦੀ ਬਜਾਏ ਕੁਝ ਖਾਸ ਕੇਸਾਂ ਕੰਮ ਕਰ ਰਹੀ ਹੈ। ਐਨ ਡੀ ਏ ਗੱਠਜੋੜ /ਭਾਜਪਾ ਨੇ ਇੱਕ ਕਾਫੀ ਹੇਠਲੀ ਹੱਦ ਮਿਥ ਦਿੱਤੀ ਹੈ ਜਦੋਂ 28 ਅਗਸਤ 2012 ਨੂੰ ਰਾਜ ਸਭਾ ਦੇ ਵਿਰੋਧੀ ਧਿਰ ਦੇ ਤਤਕਾਲੀ ਆਗੂ ਅਰੁਣ ਜੇਤਲੀ ਨੇ ਇੱਕ ਦਸਖਤ ਵਾਲੇ ਲੇਖ ਵਿੱਚ ਤਰਕ ਦਿੱਤਾ ਸੀ ਕਿ 'ਜੇ ਪਾਰਲੀਮੈਂਟੀ ਜਵਾਬਦੇਹੀ ਪਲਟ ਦਿੱਤੀ ਜਾਂਦੀ ਹੈ ਤੇ ਚਰਚਾ ਦਾ ਮੰਤਵ ਨਿਰਾ ਪਾਰਲੀਮੈਂਟੀ ਜਵਾਬਦੇਹੀ ਨੂੰ ਢੱਕਣਾ ਹੈ ਤਾਂ ਇਹ ਵਿਰੋਧੀ ਧਿਰ ਦੀ ਇੱਕ ਤਰਕ ਸੰਗਤ ਦਲੀਲ ਹੈ।' ਉਨ੍ਹਾਂ ਨੇ 22 ਅਗਸਤ 2012 ਨੂੰ ਕਿਹਾ ਕਿ ਸਾਨੂੰ ਚਰਚਾ ਵਿੱਚ ਰੁਚੀ ਨਹੀਂ ਹੈ। ਚਰਚਾ ਵਿੱਚ ਕੀ ਰੱਖਿਆ ਹੈ? ਉਨ੍ਹਾਂ ਦਾ ਅਜਿਹਾ ਕਹਿਣਾ ਇੱਕ ਤਰਕ ਸੰਗਤ ਪਾਰਲੀਮੈਂਟਰੀ ਦਲੀਲ ਹੈ।

ਇਨ੍ਹਾਂ ਸ਼ਬਦਾਂ ਨੇ ਉਸ ਚੀਜ਼ ਲਈ ਇੱਕ ਮੰਚ ਤਿਆਰ ਕੀਤਾ, ਜਿਸ ਉੱਤੇ ਪਿਛਲੇ ਨੌਂ ਸਾਲਾਂ ਤੋਂ ਕੰਮ ਹੋ ਰਿਹਾ ਹੈ। ਸਰਕਾਰ ਤੇ ਵਿਰੋਧੀ ਧਿਰ ਦੋਵਾਂ ਨੂੰ ਝਗੜੇ ਦੇ ਨਿਪਟਾਰੇ ਦੀ ਇੱਕ ਵਿਵਸਥਾ ਲੱਭਣੀ ਚਾਹੀਦੀ ਹੈ, ਜਦ ਕਿ ਸ਼ਾਮ ਛੇ ਵਜੇ ਸਰਕਾਰ ਦਾ ਕੰਮ ਖਤਮ ਹੋਣ ਦੇ ਬਾਅਦ ਰੋਜ਼ ਅਗਲੇ ਤਿੰਨ ਘੰਟੇ ਕਿਸੇ ਵਿਸ਼ੇ ਉੱਤੇ ਚਰਚਾ ਨੂੰ ਸਮਰਪਿਤ ਹੋਣੇ ਚਾਹੀਦੇ ਹਨ। ਇਸ ਨਾਲ ਪਾਰਲੀਮੈਂਟ ਦੀ ਕਾਰਵਾਈ ਯਕੀਨੀ ਹੋਵੇਗੀ ਅਤੇ ਭਰੋਸੇਯੋਗਤਾ ਬਹਾਲ ਕਰਨ ਲਈ ਇਹ ਦੂਰਦਰਸ਼ੀ ਕਦਮ ਹੋਵੇਗਾ। ਸੰਵਿਧਾਨ ਦੀ ਪੰਜਵੀਂ ਸ਼ਡਿਊਲ ਕਹਿੰਦੀ ਹੈ ਕਿ ਦਲ-ਬਦਲ ਵਿਰੋਧੀ ਕਾਨੂੰਨ ਵਿੱਚ ਜ਼ਰੂਰੀ ਤੌਰ ਉੱਤੇ ਸੋਧ ਕੀਤੀ ਜਾਵੇ, ਜਿਵੇਂ ਮੈਂ ਆਪਣੇ ਨਿੱਜੀ ਮੈਂਬਰ ਬਿੱਲ ਵਿੱਚ ਕਿਹਾ ਸੀ ਕਿ ਇਸ ਦੀਆਂ ਸਖਤੀਆਂ ਸਿਰਫ ਉਨ੍ਹਾਂ ਯੰਤਰਾਂ ਤੱਕ ਸੀਮਿਤ ਰੱਖੀਆਂ ਜਾਣ, ਜੋ ਸਰਕਾਰ ਦੀ ਸਥਿਰਤਾ ਨੂੰ ਪ੍ਰਭਾਵਤ ਕਰਦੀਆਂ ਹਨ। ਜਿਵੇਂ ਬੇਭਰੋਸਗੀ ਮਤਾ, ਮੁਲਤਵੀ ਮਤਾ, ਧਨ ਬਿੱਲ ਜਾਂ ਵਿੱਤੀ ਮਾਮਲੇ, ਬਾਕੀ ਦਾ ਕਾਨੂੰਨ ਸਥਾਨ ਖਾਲੀ ਰੱਖਿਆ ਜਾਣਾ ਚਾਹੀਦਾ ਹੈ।

ਲੋਕ ਸਭਾ ਤੇ ਰਾਜ ਸਭਾ ਦੀ ਗਿਣਤੀ ਵਧਾਉਣ ਦੀ ਗੱਲ ਕਰੀਏ ਤਾਂ ਇਸ ਨੂੰ ਨੈਸ਼ਨਲ ਪੀਪਲਜ਼ ਕਾਂਗਰਸ ਆਫ ਚਾਈਨਾ ਵਿੱਚ ਬਦਲ ਕੇ ਮਕਸਦ ਹੱਲ ਨਹੀਂ ਹੋਣਾ। ਲੋਕ ਸਭਾ ਦਾ ਆਕਾਰ ਵਧਾਉਣਾ ਸਿਰਫ ਕਾਰਜਕਾਰਣੀ ਮਜ਼ਬੂਤ ਕਰਨ ਅਤੇ ਵਿਧਾਨ ਪਾਲਿਕਾ ਨੂੰ ਇੱਕ ਬੇਲੋੜੀ ਬਣਾਉਣ ਦੀ ਚਾਲ ਹੈ। ਪਾਰਲੀਮੈਂਟਰੀ ਕੰਮ ਦੇਸ਼ ਲਈ ਕਾਨੂੰਨ ਬਣਾਉਣਾ ਹੈ। ਲੋਕ ਸਭਾ ਦਾ ਆਕਾਰ ਵਧਾਉਣਾ ਇਸ ਨੂੰ ਅੱਜ ਦੇ ਮੁਕਾਬਲੇ ਕਿਤੇ ਵੱਧ ਬੋਝਿਲ ਤੇ ਬੇਕਾਰ ਬਣਾ ਦੇਵੇਗਾ। ਇਸ ਨਾਲੋਂ ਵੀ ਵੱਧ ਸੰਭਾਵਿਤ ਵਾਧਾ ਨਾਲ ਪਾਰਲੀਮੈਂਟਰੀ ਚੋਣ ਹਲਕਿਆਂ ਦੀ ਗਿਣਤੀ ਵਧ ਕੇ 1200 ਹੋ ਜਾਵੇਗੀ।

ਇਸ ਖੇਡ ਵਿੱਚ ਸਭ ਤੋਂ ਵੱਧ ਗੁਆਉਣ ਵਾਲਾ ਤਾਮਿਲ ਨਾਡੂ ਹੋਵੇਗਾ ਜਿਸ ਦਾ ਪਾਰਲੀਮੈਂਟ ਵਿੱਚ ਮੁਕਾਬਲਤਨ ਹਿੱਸਾ ਇਸ ਸਮੇਂ ਵਿੱਚ 7.2 ਤੋਂ ਘੱਟ ਹੋ ਕੇ 6.4 ਫੀਸਦੀ, ਕੇਰਲ ਦਾ 3.7 ਤੋਂ 2.9 ਫੀਸਦੀ, ਆਂਧਰਾ ਪ੍ਰਦੇਸ਼ ਦਾ 4.6 ਤੋਂ 4.3 ਫੀਸਦੀ ਅਤੇ ਉੜੀਸਾ ਦਾ 3.9 ਤੋਂ 3.6 ਫੀਸਦੀ ਹੋ ਜਾਵੇਗੀ। ਉੱਤਰ ਪ੍ਰਦੇਸ਼ ਦਾ ਹਿਸਾ ਇਸ ਸਮੇਂ ਵਿੱਚ 14.7 ਫੀਸਦੀ ਤੋਂ ਵੱਧ ਕੇ 16 ਫੀਸਦੀ, ਬਿਹਾਰ ਦਾ 7.4 ਤੋਂ ਵੱਧ ਕੇ 7.8 ਫੀਸਦੀ, ਮੱਧ ਪ੍ਰਦੇਸ਼ ਦਾ 5.3 ਤੋਂ 5.7 ਫੀਸਦੀ ਅਤੇ ਮਹਾਰਾਸ਼ਟਰ ਦਾ 8.8 ਤੋਂ 9.7 ਫੀਸਦੀ ਹੋ ਜਾਵੇਗਾ। ਇਸ ਨਾਲ ਉੱਤਰ-ਦੱਖਣੀ ਵੰਡ ਹੋਰ ਵੱਧ ਹੋ ਜਾਵੇਗੀ।

# ਮੁੜ ਖਤਰਾ ਬਣਦਾ ਅਫਗਾਨਿਸਤਾਨ

-ਸੰਜੇ ਗੁਪਤ



ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਦੇ ਸੱਤਾ ਸੰਭਾਲਦੇ ਹੀ ਇਹ ਗੱਲ ਸਪੱਸ਼ਟ ਹੋਣ ਲੱਗੀ ਸੀ ਕਿ ਅਮਰੀਕਾ ਅਫਗਾਨਿਸਤਾਨ ਤੋਂ ਜਲਦ ਹੀ ਆਪਣੀਆਂ ਫੌਜਾਂ ਨੂੰ ਵਾਪਸ ਬੁਲਾ ਲਵੇਗਾ। ਆਖਰ ਇਹ ਹੀ ਹੋਇਆ। ਕੁਝ ਸਮਾਂ ਪਹਿਲਾਂ ਬਾਇਡੇਨ ਨੇ ਅਚਾਨਕ ਐਲਾਨ ਕਰ ਦਿੱਤਾ ਕਿ 31 ਅਗਸਤ ਤੱਕ ਅਮਰੀਕੀ ਫੌਜਾਂ ਅਫਗਾਨਿਸਤਾਨ ਤੋਂ ਆਪਣੇ ਸਾਜ਼ੋ-ਸਾਮਾਨ ਨਾਲ ਵਾਪਸ ਆ ਜਾਣਗੀਆਂ। ਇਸ ਐਲਾਨ ਨਾਲ ਤਾਲਿਬਾਨ ਨੇ ਆਪਣੀ ਫੌਜੀ ਸਰਗਰਮੀ ਹੋਰ ਵਧਾ ਦਿੱਤੀ। ਉਹ ਅਮਰੀਕਾ ਨਾਲ ਹੋਏ ਸਮਝੌਤੇ ਨੂੰ ਭੁਲਾ ਕੇ ਅਫਗਾਨਿਸਤਾਨ ਦੇ ਵੱਧ ਤੋਂ ਵੱਧ ਇਲਾਕੇ ਉੱਤੇ ਕਬਜ਼ਾ ਕਰਨਾ ਚਾਹੁੰਦਾ ਹੈ ਅਤੇ ਸਰਹੱਦੀ ਇਲਾਕਿਆਂ ਨੂੰ ਖਾਸ ਤੌਰ ਉੱਤੇ ਕਬਜ਼ੇ ਹੇਠ ਲੈਣ ਦੀ ਕੋਸ਼ਿਸ਼ ਵਿੱਚ ਹੈ ਤਾਂ ਕਿ ਅਫਗਾਨਿਸਤਾਨ ਸਰਕਾਰ ਨੂੰ ਕਮਜ਼ੋਰ ਕੀਤਾ ਜਾ ਸਕੇ। ਉਹ ਵੱਡੇ ਸ਼ਹਿਰਾਂ ਉੱਤੇ ਵੀ ਕਬਜ਼ਾ ਕਰਨ ਦੀ ਝਾਕ ਵਿੱਚ ਹੈ।

ਇਸੇ ਸਿਲਸਿਲੇ ਵਿੱਚ ਤਾਲਿਬਾਨ ਨੇ ਕੰਧਾਰ ਦੀ ਘੇਰਾਬੰਦੀ ਸ਼ੁਰੂ ਕੀਤੀ ਅਤੇ ਪਿਛਲੇ ਦਿਨੀਂ ਪਾਕਿਸਤਾਨ ਨਾਲ ਲੱਗਦੇ ਸਪਿਨ ਬੋਲਡਾਕ ਇਲਾਕੇ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਇਹ ਉਹੀ ਇਲਾਕਾ ਹੈ, ਜਿੱਥੇ ਤਾਲਿਬਾਨ ਨੇ ਭਾਰਤੀ ਫੋਟੋ ਜਰਨਲਿਸਟ ਦਾਨਿਸ਼ ਸਿੱਦੀਕੀ ਦਾ ਬੇਰਹਿਮੀ ਨਾਲ ਕਤਲ ਕੀਤਾ ਸੀ। ਉਸ ਦਾ ਕਤਲ ਇਸ ਲਈ ਕੀਤਾ ਸੀ ਕਿ ਉਹ ਭਾਰਤੀ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਤਾਲਿਬਾਨ ਭਾਰਤ ਨਾਲ ਨਫਰਤ ਕਰਦੇ ਹਨ। ਤਾਲਿਬਾਨ ਦੀ ਲੜਾਈ ਆਸਾਨ ਬਣਾਉਣ ਲਈ ਪਾਕਿਸਤਾਨ ਤੋਂ ਲਸ਼ਕਰ ਤੇ ਜੈਸ਼ ਦੇ ਲੜਾਕੇ ਅਫਗਾਨਿਸਤਾਨ ਪੁੱਜ ਗਏ ਹਨ। ਜਦ ਅਮਰੀਕਾ ਦੀਆਂ ਬਚੀਆਂ-ਖੁਚੀਆਂ ਫੌਜਾਂ ਅਫਗਾਨਿਸਤਾਨ ਤੋਂ ਵਾਪਸ ਜਾਣ ਦੀ ਤਿਆਰੀ ਕਰ ਰਹੀਆਂ ਹਨ ਤੋਂ ਅਮਰੀਕਾ ਨੇ ਇਹ ਵੀ ਐਲਾਨ ਕੀਤਾ ਕਿ ਉਹ ਇਰਾਕ ਤੋਂ ਵੀ ਇੱਕ ਸਾਲ ਦੇ ਅੰਦਰ ਫੌਜਾਂ ਨੂੰ ਵਾਪਸ ਬੁਲਾ ਲਵੇਗਾ।

ਅਮਰੀਕਾ ਨੇ ਦੋ ਦਹਾਕੇ ਪਹਿਲਾਂ ਅਫਗਾਨਿਸਤਾਨ ਅਤੇ ਪੱਛਮੀ ਏਸ਼ੀਆ ਤੋਂ ਅੱਤਵਾਦ ਨੂੰ ਸਮਾਪਤ ਕਰਨ ਲਈ ਇੱਥੇ ਆਪਣੇ ਕਦਮ ਰੱਖੇ ਸਨ, ਪਰ ਉਹ ਅਜਿਹਾ ਕੀਤੇ ਬਿਨਾਂ ਹੀ ਫੌਜਾਂ ਵਾਪਸ ਬੁਲਾ ਰਿਹਾ ਹੈ। ਅਫਗਾਨਿਸਤਾਨ ਅਤੇ ਇਰਾਕ ਤੋਂ ਫੌਜਾਂ ਵਾਪਸ ਬੁਲਾਉਣ ਦਾ ਡੈਮੋਕ੍ਰੇਟਿਕ ਪਾਰਟੀ ਦਾ ਫੈਸਲਾ ਅਮਰੀਕੀ ਨਾਗਰਿਕਾਂ ਦੀ ਸੋਚਣੀ ਉੱਤੇ ਆਧਾਰਤ ਹੈ ਕਿ ਆਖਰ ਉਨ੍ਹਾਂ ਦੇ ਆਪਣੇ ਲੋਕ ਦੂਜੇ ਦੇਸ਼ਾਂ ਵਿੱਚ ਆਪਣੀ ਜਾਨ ਕਿਉਂ ਗੁਆਉਣ? ਅਮਰੀਕਾ ਇਸ ਨੀਤੀ ਉੱਤੇ ਪੁੱਜ ਰਿਹਾ ਹੈ ਕਿ ਜਿਨ੍ਹਾਂ ਦੇਸ਼ਾਂ ਵਿੱਚ ਅੱਤਵਾਦੀ ਸੰਗਠਨ ਸਰਗਰਮ ਹਨ ਅਤੇ ਉਹ ਅਮਰੀਕੀ ਹਿੱਤਾਂ ਲਈ ਖਤਰਾ ਬਣ ਸਕਦੇ ਹਨ, ਉਥੋਂ ਦੀ ਜ਼ਮੀਨ ਉੱਤੇ ਆਪਣੇ ਫੌਜੀਆਂ ਨੂੰ ਉਤਾਰਨ ਤੋਂ ਬਚਿਆ ਜਾਵੇ। ਇਸ ਦੀ ਬਜਾਏ ਉਹ ਡਰੋਨ ਜਾਂ ਹਵਾਈ ਹਮਲਿਆਂ ਰਾਹੀਂ ਅੱਤਵਾਦੀਆਂ ਨੂੰ ਨਿਸ਼ਾਨਾ ਬਣਾਉਣ ਦਾ ਕੰਮ ਕਰੇਗਾ। ਇਨ੍ਹੀਂ ਦਿਨੀਂ ਉਹ ਇਹੀ ਕੰਮ ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਖਿਲਾਫ ਕਰ ਰਿਹਾ ਹੈ। ਫਿਲਹਾਲ ਇਹ ਕਹਿਣਾ ਔਖਾ ਹੈ ਕਿ ਅਮਰੀਕਾ ਦੇ ਹਵਾਈ ਹਮਲੇ ਤਾਲਿਬਾਨ ਨੂੰ ਕਿੰਨਾ ਕੁ ਨੁਕਸਾਨ ਪਹੁੰਚਾ ਰਹੇ ਹਨ, ਕਿਉਂਕਿ ਉਹ ਆਪਣੇ ਕਦਮ ਪਿੱਛੇ ਖਿੱਚਦੇ ਜਾਂ ਉਸ ਸਮਝੌਤੇ ਦੀ ਪਾਲਣਾ ਕਰਦੇ ਨਹੀਂ ਦਿੱਸ ਰਹੇ, ਜੋ ਅਮਰੀਕਾ ਨਾਲ ਹੋਇਆ ਸੀ।

ਅਫਗਾਨਿਸਤਾਨ ਛੱਡਣ ਦੇ ਅਮਰੀਕਾ ਦੇ ਫੈਸਲੇ ਤੋਂ ਭਾਰਤ ਦਾ ਚਿੰਤਤ ਹੋਣਾ ਸੁਭਾਵਿਕ ਹੈ ਕਿਉਂਕਿ ਉਥੇ ਉਨ੍ਹਾਂ ਤਾਲਿਬਾਨ ਦੇ ਕਾਬਜ਼ ਹੋਣ ਦਾ ਡਰ ਵਧ ਗਿਆ ਹੈ, ਜੋ ਨਾ ਸਿਰਫ ਤਰ੍ਹਾਂ-ਤਰ੍ਹਾਂ ਦੇ ਅੱਤਵਾਦੀ ਸੰਗਟਨਾਂ ਨੂੰ ਪਨਾਹ ਦਿੰਦੇ ਹਨ, ਸਗੋਂ ਪਾਕਿਸਤਾਨ ਦੇ ਪਿੱਠੂ ਹਨ। ਤਾਲਿਬਾਨ ਦੇ ਖਤਰਨਾਕ ਇਰਾਦੇ ਕਾਰਨ ਅਫਗਾਨਿਸਤਾਨ ਵਿੱਚ ਭਾਰਤ ਦੇ ਹਿੱਤਾਂ ਲਈ ਗੰਭੀਰ ਖਤਰਾ ਖੜ੍ਹਾ ਹੋਣ ਦੇ ਨਾਲ ਇਸ ਡਰ ਵਧ ਗਿਆ ਹੈ ਕਿ ਪਾਕਿਸਤਾਨ ਤਾਲਿਬਾਨ ਦੀ ਮਦਦ ਨਾਲ ਕਸ਼ਮੀਰ ਵਿੱਚ ਅੱਤਵਾਦ ਨੂੰ ਵਧਾਉਣ ਦਾ ਕੰਮ ਕਰ ਸਕਦਾ ਹੈ। ਭਾਰਤ ਅਫਗਾਨਿਸਤਾਨ ਦੇ ਨਿਰਮਾਣ ਵਿੱਚ ਰੁੱਝਿਆ ਹੋਇਆ ਸੀ। ਉਸ ਨੇ ਇਸ ਮੁਲਕ ਵਿੱਚ ਸਕੂਲ, ਸੜਕਾਂ, ਸੰਦ ਭਵਨ ਸਮੇਤ ਬੁਨਿਆਦੀ ਢਾਂਚਾ ਖੜ੍ਹਾ ਕਰਨ ਦਾ ਇੱਕ ਵੱਡਾ ਕੰਮ ਕੀਤਾ ਹੈ। ਉਹ ਅਫਗਾਨਿਸਤਾਨ ਨੂੰ ਇੱਕ ਲੋਕਤੰਤਰੀ ਦੇਸ਼ ਦੇ ਰੂਪ ਵਿੱਚ ਸਥਾਪਤ ਕਰਨ ਲਈ ਹਰ ਸੰਭਵ ਇਮਦਾਦ ਦੇ ਰਿਹਾ ਸੀ। ਤਾਲਿਬਾਨ ਅਫਗਾਨਿਸਤਾਨ ਦੇ ਨਾਲ-ਨਾਲ ਮੱਧ ਏਸ਼ੀਆ ਦੇ ਦੇਸ਼ਾਂ ਅਤੇ ਭਾਰਤ ਲਈ ਵੀ ਇੱਕ ਗੰਭੀਰ ਚੁਣੌਤੀ ਹੈ।

ਇਹ ਵੀ ਹਕੀਕਤ ਹੈ ਕਿ ਅਫਗਾਨਿਸਤਾਨ ਦਾ ਅਵਾਮ ਸ਼ੁਰੂ ਤੋਂ ਭਾਰਤ ਦੇ ਹੱਕ ਵਿੱਚ ਹੈ। ਭਾਰਤੀ ਮੂਲ ਦੇ ਲੱਖਾਂ ਲੋਕ ਪ੍ਰਾਚੀਨ ਕਾਲ ਤੋਂ ਉਥੇ ਵਸੇ ਹੋਏ ਸਨ। ਅਫਸੋਸਨਾਕ ਇਹ ਹੈ ਕਿ 'ਦੀਨ' ਦੇ ਨਾਮ ਉੱਤੇ ਲੜ ਰਹੇ ਕੱਟੜਪੰਥੀ ਗੈਰ-ਮੁਸਲਮਾਨਾਂ ਨੂੰ ਕਾਫ਼ਰ ਸਮਝ ਕੇ ਉਨ੍ਹਾਂ ਦੇ ਹਮਲੇ ਕਰ ਰਹੇ ਹਨ। ਇਸੇ ਕਰ ਕੇ ਅਫਗਾਨਿਸਤਾਨ ਵਿੱਚ ਹਿੰਦੂ-ਸਿੱਖਾਂ ਦੀ ਆਬਾਦੀ ਨਿਗੂਣੀ ਰਹਿ ਗਈ ਹੈ। ਇਸ ਚੁਣੌਤੀ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਭਾਰਤ ਆਏ ਅਤੇ ਉਨ੍ਹਾਂ ਨਾਲ ਭਾਰਤੀ ਨੇਤਾਵਾਂ ਦੀ ਅਫਗਾਨਿਸਤਾਨ ਦੇ ਮੁੱਦੇ ਉੱਤੇ ਵਿਆਪਕ ਗੱਲਬਾਤ ਹੋਈ ਹੈ। ਉਨ੍ਹਾਂ ਪਿੱਛੋਂ ਅਮਰੀਕੀ ਫੌਜ ਦੇ ਮੁਖੀ ਵੀ ਭਾਰਤ ਦੌਰੇ ਉੱਤੇ ਆਏ। ਅਫਗਾਨਿਸਤਾਨ ਬਾਰੇ ਭਾਰਤ ਤੇ ਅਮਰੀਕਾ ਦੀ ਚਰਚਾ ਇਸ ਲਈ ਜ਼ਰੂਰੀ ਹੈ ਕਿ ਜਦੋਂ ਅਮਰੀਕੀ ਵਿਦੇਸ਼ ਮੰਤਰੀ ਭਾਰਤ ਵਿੱਚ ਸਨ, ਓਦੋਂ ਚੀਨੀ ਵਿਦੇਸ਼ ਮੰਤਰੀ ਤਾਲਿਬਾਨ ਦੇ ਨੇਤਾਵਾਂ ਨੂੰ ਚੀਨ ਸੱਦ ਕੇ ਬੈਠਕਾਂ ਕਰ ਰਹੇ ਸਨ। ਚੀਨ ਨੇ ਤਾਲਿਬਾਨ ਨੇਤਾਵਾਂ ਦੀ ਜਿਵੇਂ ਆਓਭਗਤ ਕੀਤੀ, ਉਸ ਤੋਂ ਭਾਰਤ ਤੇ ਅਮਰੀਕਾ ਦੀ ਚਿੰਤਾ ਹੋਰ ਵਧੀ ਹੈ। ਇਹ ਸ਼ੱਕ ਡੂੰਘਾ ਹੋ ਰਿਹਾ ਹੈ ਕਿ ਚੀਨ ਅਤੇ ਪਾਕਿਸਤਾਨ ਮਿਲ ਕੇ ਅਫਗਾਨਿਸਤਾਨ ਨੂੰ ਆਪਣੇ ਹਿਸਾਬ ਨਾਲ ਚਲਾਉਣ ਦੀ ਕੋਸ਼ਿਸ਼ ਕਰਨਗੇ।

ਅਫਗਾਨਿਸਤਾਨ ਵਿੱਚ ਅਮਰੀਕਾ ਦੀ ਨਾਕਾਮੀ ਤੋਂ ਹੈਰਾਨੀ ਨਹੀਂ ਹੈ। ਉਹ ਉਥੇ ਇਸ ਲਈ ਨਾਕਾਮ ਹੋਇਆ ਕਿ ਉਸ ਨੇ ਤਾਲਿਬਾਨ ਦੀ ਸਰਪ੍ਰਸਤੀ ਕਰਦੇ ਪਾਕਿਸਤਾਨ ਉੱਤੇ ਕੋਈ ਕਾਰਵਾਈ ਨਹੀਂ ਕੀਤੀ। ਇਸ ਤੋਂ ਪਹਿਲਾਂ ਰੂਸ ਵੀ ਅਫਗਾਨਿਸਤਾਨ ਵਿੱਚ ਨਾਕਾਮ ਹੋ ਚੁੱਕਾ ਹੈ। ਜਦ ਰੂਸੀ ਫੌਜਾਂ ਅਫਗਾਨਿਸਤਾਨ ਵਿੱਚ ਸਨ, ਅਮਰੀਕਾ ਨੇ ਮੁਜਾਹਦੀਨ ਤਿਆਰ ਕਰ ਕੇ ਉਨ੍ਹਾਂ ਨੂੰ ਹਥਿਆਰ ਦਿੱਤੇ ਸਨ। ਫਿਰ ਉਨ੍ਹਾਂ ਦਾ ਸਥਾਨ ਤਾਲਿਬਾਨ ਨੇ ਲੈ ਲਿਆ। ਇਨ੍ਹਾਂ ਨੂੰ ਪਾਕਿਸਤਾਨ ਨੇ ਸਿਖਲਾਈ ਦਿੱਤੀ ਤੇ ਅਮਰੀਕਾ ਨੇ ਵੀ ਮਦਦ ਕੀਤੀ। ਉਦੋਂ ਸ਼ਾਇਦ ਅਮਰੀਕਾ ਨੂੰ ਪਤਾ ਨਹੀਂ ਸੀ ਕਿ ਜਿਸ ਤਾਲਿਬਾਨ ਦੀ ਉਹ ਮਦਦ ਕਰ ਰਿਹਾ ਹੈ, ਉਹੀ ਉਸ ਦੇ ਸੀਨੇ ਵਿੱਚ ਖੰਜਰ ਮਾਰੇਗਾ। ਤਾਲਿਬਾਨ ਨੇ ਉਸ ਅਲ ਕਾਇਦਾ ਨੂੰ ਪਾਲਿਆ ਜਿਸ ਨੇ 9-11 ਦੇ ਹਮਲੇ ਕੀਤੇ। ਤਾਲਿਬਾਨ ਅਤੇ ਅਲ ਕਾਇਦਾ ਜਿੰਨਾ ਖਤਰਨਾਕ ਇਸਲਾਮਕ ਸਟੇਟ ਵੀ ਹੈ ਜਿਸ ਨੇ ਸੀਰੀਆ ਤੇ ਇਰਾਕ ਵਿੱਚ ਸਿਰ ਚੁੱਕਿਆ ਹੋਇਆ ਹੈ। ਇਹ ਅੱਤਵਾਦੀ ਸੰਗਠਨ ਵੀ ਅਮਰੀਕਾ ਦੀਆਂ ਗਲਤ ਨੀਤੀਆਂ ਤੋਂ ਉਭਰਿਆ। ਅਜਿਹੇ ਅੱਤਵਾਦੀ ਸੰਗਠਨ ਲੀਬੀਆ ਵਿੱਚ ਵੀ ਹਨ। ਸ਼ੱਕ ਹੈ ਕਿ ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਕਾਬਜ਼ ਹੋਣ ਨਾਲ ਕੋਈ ਨਵਾਂ ਅੱਤਵਾਦੀ ਸੰਗਠਨ ਉਭਰ ਸਕਦਾ ਹੈ ਕਿਉਂਕਿ ਸਾਫ ਦਿਖਾਈ ਦੇ ਰਿਹਾ ਹੈ ਕਿ ਉਹ ਅਲ ਕਾਇਦਾ ਅਤੇ ਇਸਲਾਮਕ ਸਟੇਟ ਵਰਗੇ ਅੱਤਵਾਦੀ ਸੰਗਠਨਾਂ ਨੂੰ ਆਪਣਾ ਸਮਰਥਨ ਦੇਣਾ ਜਾਰੀ ਰੱਖੇਗਾ। ਇਹ ਵੀ ਤੈਅ ਹੈ ਕਿ ਪਾਕਿਸਤਾਨ ਤਾਲਿਬਾਨ ਦਾ ਪੂਰਾ ਸਾਥ ਦੇਵੇਗਾ।

ਪਾਕਿਸਤਾਨ ਭਾਵੇਂ ਇਹ ਕਹਿੰਦਾ ਹੈ ਕਿ ਉਹ ਤਾਲਿਬਾਨ ਦਾ ਬੁਲਾਰਾ ਨਹੀਂ, ਪਰ ਹਕੀਕਤ ਇਹੀ ਹੈ ਕਿ ਉਹ ਉਸ ਨੂੰ ਹਰ ਤਰ੍ਹਾਂ ਦਾ ਸਹਿਯੋਗ ਅਤੇ ਸਮਰਥਨ ਦੇ ਰਿਹਾ ਹੈ। ਇਸ ਦਾ ਪਤਾ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਇਸ ਬਿਆਨ ਤੋਂ ਲੱਗਦਾ ਹੈ ਕਿ ਤਾਲਿਬਾਨ ਫੌਜੀ ਸੰਗਠਨ ਨਹੀਂ, ਉਹ ਆਮ ਨਾਗਰਿਕ ਹਨ। ਪਾਕਿਸਤਨ ਨੇ ਹਮੇਸ਼ਾ ਭਾਰਤ ਵੱਲ ਵੈਰ ਵਾਲਾ ਰਵੱਈਆ ਰੱਖਿਆ ਹੈ। ਉਹ ਅੱਜ ਵੀ ਕਸ਼ਮੀਰ ਹਥਿਆਉਣ ਦਾ ਸੁਫਨਾ ਦੇਖ ਰਿਹਾ ਹੈ। ਕਿਉਂਕਿ ਉਹ ਆਹਮੋ-ਸਾਹਮਣੇ ਦੀ ਜੰਗ ਵਿੱਚ ਭਾਰਤ ਤੋਂ ਨਹੀਂ ਜਿੱਤ ਸਕਦਾ, ਇਸ ਲਈ ਕਸ਼ਮੀਰ ਵਿੱਚ ਲੁਕਵੀਂ ਜੰਗ ਵਿੱਢੀ ਬੈਠਾ ਹੈ। ਇਸ ਲੁਕਵੀਂ ਜੰਗ ਵਿੱਚ ਉਹ ਤਾਲਿਬਾਨ ਦੀ ਮਦਦ ਲੈ ਸਕਦਾ ਹੈ। ਇਸ ਦੀ ਅਣਦੇਖੀ ਨਹੀਂ ਕਰ ਸਕਦੇ ਕਿ ਕਸ਼ਮੀਰ ਵਿੱਚ ਸਰਗਰਮ ਰਹਿਣ ਵਾਲੇ ਲਸ਼ਕਰ ਅਤੇ ਜੈਸ਼ ਤਾਲਿਬਾਨ ਦੇ ਸਹਿਯੋਗੀ ਹਨ। ਅਜੇ ਇਹ ਸਪੱਸ਼ਟ ਨਹੀਂ ਕਿ ਮੋਦੀ ਸਰਕਾਰ ਅਫਗਾਨਿਸਤਾਨ ਕੇਸ ਵਿੱਚ ਕਿਸ ਨੀਤੀ ਉਤੇ ਚੱਲੇਗੀ, ਪਰ ਉਸ ਤੋਂ ਤੈਅ ਹੈ ਕਿ ਉਹ ਨਾ ਹੱਥ ਉੱਤੇ ਹੱਥ ਧਰ ਕੇ ਬੈਠੀ ਰਹੇਗੀ ਅਤੇ ਨਾ ਅਫਗਾਨਿਸਤਾਨ ਨੂੰ ਤਾਲਿਬਾਨ ਦੇ ਹੱਥਾਂ ਵਿੱਚ ਜਾਂਦਾ ਦੇਖਦੀ ਰਹੇਗੀ।

# ਉਮਰਾਂ ਵਿੱਚ ਕੀ ਰੱਖਿਆ...

-ਨਵਦੀਪ ਕੌਰ ਗਿੱਲ





ਟੋਕੀਓ ਵਿੱਚ ਚੱਲ ਰਹੀਆਂ ਓਲੰਪਿਕ ਖੇਡਾਂ ਵਿੱਚ 26 ਜੁਲਾਈ ਨੂੰ ਦੋ ਨਤੀਜੇ ਅਜਿਹੇ ਆਏ, ਜਿਨ੍ਹਾਂ ਨੇ ਖਿਡਾਰੀਆਂ ਦੀ ਉਮਰ ਦੀਆਂ ਮਿੱਥਾਂ ਤੋੜ ਦਿੱਤੀਆਂ। ਪਹਿਲਾ ਨਤੀਜਾ ਓਲੰਪਿਕਸ ਵਿੱਚ ਪਹਿਲੀ ਵਾਰ ਸ਼ਾਮਲ ਹੋਈ ਖੇਡ ਸਕੇਟਿੰਗ ਬੋਰਡ ਵਿੱਚ ਆਇਆ, ਜਦੋਂ ਜਾਪਾਨ ਦੀ 14 ਸਾਲਾਂ ਦੀ ਮੋਮਿਜੀ ਨਿਸ਼ੀਆ ਨੇ ਸੋਨੇ ਦਾ ਅਤੇ ਬਰਾਜ਼ੀਲ ਦੀ 13 ਸਾਲਾਂ ਦੀ ਜੂਲੀਆ ਰਾਇਸਾ ਮੈਂਡੇਸ ਲੀਲ ਨੇ ਚਾਂਦੀ ਦਾ ਮੈਡਲ ਜਿੱਤਿਆ। ਕਾਂਸੀ ਦਾ ਤਮਗਾ ਜਿੱਤਣ ਵਾਲੀ ਜਾਪਾਨੀ ਕੁੜੀ ਫੁਨਾ ਨਾਕਾਯਾਮਾ ਦੀ ਉਮਰ ਵੀ 18 ਸਾਲ ਸੀ। ਤਿੰਨੇ ਅੱਲ੍ਹੜ ਉਮਰ ਦੀਆਂ ਖਿਡਾਰਨਾਂ। ਤਿੰਨੇ ਮੈਡਲ ਜੇਤੂ ਕੁੜੀਆਂ ਦੀ ਉਮਰ ਕੁੱਲ ਮਿਲਾ ਕੇ 45 ਸਾਲ ਹੀ ਬਣਦੀ ਹੈ।

ਸਕੇਟਿੰਗ ਬੋਰਡ ਦੇ ਨਤੀਜਿਆਂ ਤੋਂ ਥੋੜ੍ਹਾ ਸਮਾਂ ਪਿੱਛੋਂ ਨਿਸ਼ਾਨੇਬਾਜ਼ੀ ਦੇ ਪੁਰਸ਼ ਸਕੀਟ ਦਾ ਨਤੀਜਾ ਆਇਆ, ਜਿਸ ਵਿੱਚ ਆਜ਼ਾਦਾਨਾ ਓਲੰਪਿਕ ਐਥਲੀਟ (ਆਈ ਓ ਏ) ਵਜੋਂ ਖੇਡ ਰਹੇ ਕੁਵੈਤ ਦੇ ਅਬਦੁੱਲਾ ਅਲ ਰਾਸ਼ਿਦੀ ਨੇ ਕਾਂਸੀ ਦਾ ਮੈਡਲ ਜਿੱਤ ਲਿਆ। ਰਾਸ਼ਿਦੀ ਦੀ ਉਮਰ 57 ਸਾਲ ਹੈ। ਸਕੇਟਿੰਗ ਬੋਰਡ ਵਿੱਚ ਤਮਗਾ ਜਿੱਤਣ ਵਾਲੀਆਂ ਤਿੰਨੇ ਖਿਡਾਰਨਾਂ ਨਾਬਾਲਗ ਉਮਰ ਦੀਆਂ ਅਤੇ ਸਕੇਟ ਦਾ ਮੈਡਲ ਜਿੱਤਣ ਵਾਲਾ ਨਿਸ਼ਾਨੇਬਾਜ਼ ਸਰਕਾਰੀ ਰਿਕਾਰਡ ਮੁਤਾਬਕ ਰਿਟਾਇਰਮੈਂਟ ਦੀ ਉਮਰ ਨੇੜੇ ਪੁੱਜਾ ਹੋਇਆ ਹੈ। ਰਾਸ਼ਿਦੀ ਦੀ ਇਹ ਸੱਤਵੀਂ ਓਲੰਪਿਕਸ ਹੈ ਅਤੇ 2016 ਵਿੱਚ ਰੀਓ ਵਿੱਚ ਵੀ ਉਸ ਨੇ ਕਾਂਸੀ ਦਾ ਮੈਡਲ ਜਿੱਤ ਲਿਆ ਸੀ। ਉਮਰ-ਦਰਾਜ਼ ਖਿਡਾਰੀਆਂ ਵਜੋਂ ਟੋਕੀਓ ਵਿੱਚ ਆਪਣੀ ਛੇਵੀਂ ਓਲੰਪਿਕ ਖੇਡਣ ਵਾਲੀ ਆਸਟਰੇਲੀਆ ਦੀ ਘੋੜਸਵਾਰ ਮੈਰੀ ਹਨਾ ਸਭ ਤੋਂ ਵੱਡੀ ਉਮਰ ਦੀ ਹੈ, ਜਿਸ ਦੀ ਉਮਰ 66 ਸਾਲ ਹੈ। ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਸਵੀਡਨ ਦੇ ਨਿਸ਼ਾਨੇਬਾਜ਼ ਆਸਕਰ ਸਵਾਹਨ ਨੇ 72 ਸਾਲਾਂ ਦੀ ਉਮਰੇ 1920 ਦੀਆਂ ਐਂਟਵਰਪ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ ਤੇ ਚਾਂਦੀ ਦਾ ਮੈਡਲ ਜਿੱਤਿਆ ਸੀ। ਸਵਾਹਨ ਨੇ ਤਿੰਨ ਓਲੰਪਿਕ ਖੇਡਾਂ (ਲੰਡਨ 1908, ਸਟਾਕਹੋਮ 1912 ਅਤੇ ਐਂਟਵਰਪ 1920) ਵਿੱਚ ਹਿੱਸਾ ਲੈ ਕੇ ਤਿੰਨੇ ਸੋਨੇ, ਇੱਕ ਚਾਂਦੀ ਤੇ ਦੋ ਕਾਂਸੀ ਦੇ ਮੈਡਲ ਜਿੱਤੇ।

ਖਿਡਾਰੀਆਂ ਦੀ ਉਮਰ ਬਾਰੇ ਇੱਕ ਵਾਕਿਆ ਯਾਦ ਆ ਗਿਆ, ਜਦੋਂ 2008 ਵਿੱਚ ਮੈਨੂੰ ਪੇਈਚਿੰਗ ਵਿੱਚ ਹੋਈਆਂ ਓਲੰਪਿਕ ਖੇਡਾਂ ਕਵਰ ਕਰਨ ਦਾ ਮੌਕਾ ਮਿਲਿਆ ਸੀ। ਓਦੋਂ ਖੇਡਾਂ ਦੀ ਸੈਮਸੰਗ ਲੌਂਜ ਵਿੱਚ ਮੇਰਾ ਸਬੱਬੀ ਮੇਲ ਰੋਮਾਨੀਆ ਦੀ ਸਾਬਕਾ ਜਿਮਨਾਸਟ ਨਾਦੀਆ ਕੁਮੈਂਸੀ ਨਾਲ ਹੋਇਆ। ਨਾਦੀਆ ਨੂੰ 'ਰਬੜ ਦੀ ਗੁੱਡੀ' ਆਖਿਆ ਜਾਂਦਾ ਸੀ, ਜਿਸ ਨੇ 1976 ਦੀਆਂ ਮਾਂਟਰੀਅਲ ਓਲੰਪਿਕ ਖੇਡਾਂ ਵਿੱਚ 15 ਸਾਲਾਂ ਦੀ ਉਮਰੇ ਨਾ ਸਿਰਫ ਤਿੰਨ ਸੋਨੇ, ਇੱਕ ਚਾਂਦੀ ਅਤੇ ਇੱਕ ਕਾਂਸੀ ਦਾ ਮੈਡਲ ਜਿੱਤਿਆ, ਸਗੋਂ 10 ਵਿੱਚੋਂ 10 ਪੁਆਇੰਟ (ਪਰਫੈਕਟ ਟੈਨ) ਲੈਣ ਵਾਲੀ ਪਹਿਲੀ ਜਿਮਨਾਸਟ ਬਣੀ। ਨਾਦੀਆ ਕੁਮੈਂਸੀ ਬਾਰੇ ਛੋਟੇ ਹੁੰਦੇ ਬੜਾ ਸੁਣਿਆ ਸੀ। ਮੇਰੇ ਪਿਤਾ ਜੀ ਦੱਸਦੇ ਸਨ ਕਿ ਕਿਵੇਂ ਉਨ੍ਹਾਂ ਰੇਡੀਓ ਦੀ ਕੁਮੈਂਟਰੀ ਰਾਹੀਂ 1976 ਦੀਆਂ ਮਾਂਟਰੀਅਲ ਓਲੰਪਿਕ ਖੇਡਾਂ ਵਿੱਚ ਉਸ ਦੇ ਇਤਿਹਾਸ ਰਚਣ ਦੀ ਕਹਾਣੀ ਸੁਣੀ। ਮੇਰੇ ਇਹ ਕਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਨਾਦੀਆ ਕੁਮੈਂਸੀ ਨੂੰ ਮਿਲਣ ਤੇ ਇੰਟਰਵਿਊ ਕਰਨ ਦਾ ਮੌਕਾ ਮਿਲੇਗਾ। ਜੋਸ਼ ਅਤੇ ਉਤਸ਼ਾਹ ਵਿੱਚ ਮੈਨੂੰ ਕੋਈ ਖਾਸ ਸਵਾਲ ਤਾਂ ਨਹੀਂ ਸੁੱਝ ਰਹੇ ਸਨ, ਪਰ ਇੱਕ ਸਵਾਲ ਦੇ ਜਵਾਬ ਵਿੱਚ ਕਹੀ ਗੱਲ ਮੈਨੂੰ ਅੱਜ ਟੋਕੀਓ ਓਲੰਪਿਕਸ ਵਿੱਚ ਛੋਟੀ ਉਮਰ ਦੀਆਂ ਖਿਡਾਰਨਾਂ ਦੀ ਪ੍ਰਾਪਤੀ ਉੱਤੇ ਫਿਰ ਚੇਤੇ ਆ ਗਈ। ਨਾਦੀਆ ਨੇ ਕਿਹਾ ਕਿ ਜੇ ਉਹ ਅੱਜ ਦੇ ਜ਼ਮਾਨੇ ਵਿੱਚ ਜੰਮੀ ਹੁੰਦੀ ਤਾਂ ਕਦੇ ਵੀ ਮਾਂਟਰੀਅਲ ਓਲੰਪਿਕਸ ਵਾਲੀ ਗੱਲ ਨਹੀਂ ਦੁਹਰਾਈ ਜਾਣੀ ਸੀ। ਮੈਂ ਜਦੋਂ ਇਹ ਗੱਲ ਸਮਝਾਉਣ ਨੂੰ ਕਿਹਾ ਤਾਂ ਉਸ ਦਾ ਕਹਿਣਾ ਸੀ ਕਿ 1976 ਵਿੱਚ ਜਿਮਨਾਸਟਿਕ ਲਈ ਖਿਡਾਰੀਆਂ ਦੀ ਘੱਟੋ-ਘੱਟ ਉਮਰ ਹੱਦ 14 ਸਾਲ ਸੀ, ਜਿਹੜੀ 1981 ਵਿੱਚ 15 ਸਾਲ ਕਰ ਦਿੱਤੀ ਗਈ ਅਤੇ 1997 ਤੋਂ ਬਾਅਦ 16 ਸਾਲ। ਇਸ ਤਰ੍ਹਾਂ 15 ਸਾਲਾਂ ਦੀ ਉਮਰੇ ਮਾਂਟਰੀਅਲ ਓਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਵਾਲੀ ਨਾਦੀਆ ਕੁਮੈਂਸੀ ਕੋਲੋਂ ਖੇਡਾਂ ਵਿੱਚ ਹਿੱਸਾ ਹੀ ਨਹੀਂ ਲਿਆ ਜਾਣਾ ਸੀ।

ਅੱਜ ਸਕੇਟਿੰਗ ਬੋਰਡ ਵਿੱਚ 13 ਤੋਂ 14 ਸਾਲ ਦੀਆਂ ਖਿਡਾਰਨਾਂ ਦੇ ਮੈਡਲ ਜਿੱਤਣ ਉੱਤੇ ਮੈਂ ਇਹੋ ਸੋਚ ਰਿਹਾ ਸੀ ਕਿ ਜੇ ਇਸ ਖੇਡ ਵਿੱਚ ਘੱਟੋ-ਘੱਟ ਉਮਰ ਹੱਦ ਮਿੱਥੀ ਹੁੰਦੀ ਤਾਂ ਨਿਸ਼ੀਆ ਤੇ ਜੂਲੀਆ ਦੇ ਗਲੇ ਦਾ ਸ਼ਿੰਗਾਰ ਬਣੇ ਮੈਡਲ ਹੋਰਨਾਂ ਖਿਡਾਰਨਾਂ ਦੇ ਗਲੇ ਦਾ ਸ਼ਿੰਗਾਰ ਹੁੰਦੇ। ਜਿਮਨਾਸਟਿਕ ਵਿੱਚ ਉਮਰ ਹੱਦ ਪਿੱਛੇ ਤਰਕ ਇਹ ਹੈ ਕਿ ਛੋਟੀ ਉਮਰ ਦੇ ਬੱਚਿਆਂ ਨੂੰ ਸ਼ੋਸ਼ਣ ਤੋਂ ਬਚਾਇਆ ਜਾ ਸਕੇ। ਕੁਝ ਸਾਲ ਪਹਿਲਾਂ ਸੋਸ਼ਲ ਮੀਡੀਆ ਉਪਰ ਵੀਡੀਓ ਸਾਹਮਣੇ ਆਈ ਜਿਸ ਵਿੱਚ ਚੀਨ ਵਿੱਚ ਬਹੁਤ ਹੀ ਛੋਟੀ ਉਮਰ ਦੇ ਬੱਚਿਆਂ ਨੂੰ ਧੱਕੇ ਨਾਲ ਜਿਮਨਾਸਟਿਕ ਕਰਾਈ ਜਾ ਰਹੀ ਸੀ, ਕਿਉਂਕਿ ਛੋਟੀ ਉਮਰ ਦੇ ਬੱਚਿਆਂ ਦੇ ਸਰੀਰ ਵਿਚਲੀ ਲਚਕ ਜਿਮਨਾਸਟਿਕ ਵਿੱਚ ਨਿਪੁੰਨ ਬਣਾ ਸਕਦੀ ਹੈ।

## ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ

-ਗੋਵਰਧਨ ਗੱਬੀ

ਮਾਂ ਨੂੰ ਰੱਬ ਦਾ ਦੂਜਾ ਰੂਪ ਕਿਹਾ ਜਾਂਦਾ ਹੈ। 'ਮਾਂ' ਆਪਣੇ ਆਪ ਵਿੱਚ ਇੱਕ ਅਜਿਹਾ ਮੁਕੰਮਲ ਸ਼ਬਦ ਹੈ, ਜਿਸ ਨੂੰ ਸ਼ਬਦਾਂ ਰਾਹੀਂ ਪਰਿਭਾਸ਼ਿਤ ਕਰਨਾ ਮੁਸ਼ਕਲ ਹੀ ਨਹੀਂ, ਨਾਮੁਮਕਿਨ ਹੈ। ਇਹ ਵੀ ਸੱਚ ਹੈ ਕਿ ਸ੍ਰਿਸ਼ਟੀ ਨੂੰ ਚੱਲਦੇ ਰੱਖਣ ਵਾਸਤੇ ਰੱਬ ਨੂੰ ਮਾਂ ਅੱਗੇ ਝੁਕਣਾ ਪੈਂਦਾ ਹੈ। ਮਾਂ ਦਾ ਆਪਣੇ ਬੱਚਿਆਂ ਨਾਲ ਰਿਸ਼ਤਾ ਬਹੁਤ ਪਵਿੱਤਰ, ਵਿਲੱਖਣ ਤੇ ਅਟੁੱਟ ਹੁੰਦਾ ਹੈ। ਇਸ ਰਿਸ਼ਤੇ ਨੂੰ ਸਮਝਾਉਣ, ਦਰਸਾਉਣ ਤੇ ਪੇਸ਼ ਕਰਨ ਵਾਸਤੇ ਸ਼ਬਦ ਕਾਰਗਰ ਸਾਬਿਤ ਨਹੀਂ ਹੁੰਦੇ। ਅਸਲ ਵਿੱਚ ਮਾਂ ਤੇ ਬੱਚਿਆਂ ਦਾ ਰਿਸ਼ਤਾ ਕੇਵਲ ਨਿਭਾਉਣ ਵਾਲਾ ਨਹੀਂ, ਸਗੋਂ ਮਹਿਸੂਸ ਕਰਨ ਵਾਲਾ ਵੀ ਹੁੰਦਾ ਹੈ। ਇਸ ਵਿੱਚ ਅਹਿਸਾਸਾਂ ਦਾ ਅਨਮੋਲ ਭੰਡਾਰ ਹੁੰਦਾ ਹੈ।

ਮਾਂ-ਪੁੱਤ ਵਾਂਗ ਮਾਂ ਤੇ ਧੀ ਦਾ ਰਿਸ਼ਤਾ ਬਹੁਤ ਖਾਸ ਤੇ ਅਹਿਮ ਹੁੰਦਾ ਹੈ। ਧੀ ਦੇ ਜਨਮ ਤੋਂ ਹੀ ਮਾਂ ਤੇ ਧੀ ਆਪਸ ਵਿੱਚ ਸੱਚੀਆਂ ਦੋਸਤ, ਸਹੇਲੀਆਂ ਤੇ ਰਾਜ਼ਦਾਰ ਬਣ ਜਾਂਦੀਆਂ ਹਨ। ਮਾਂ ਅਤੇ ਧੀ ਦਾ ਰਿਸ਼ਤਾ ਬਹੁਤ ਵਿਲੱਖਣ ਹੁੰਦਾ ਹੈ। ਦੋਵੇਂ ਇੱਕ ਦੂਜੇ ਦੀਆਂ ਪੂਰਕ ਹੁੰਦੀਆਂ ਹਨ। ਧੀ ਭਵਿੱਖ ਵਿੱਚ ਮਾਂ ਦਾ ਰੂਪ ਧਾਰਦੀ ਹੈ। ''ਜਿੰਨਾ ਤੂੰ ਸਮਝਦੀ ਹੈਂ ਨਾ...! ਮੈਂ ਉਸ ਤੋਂ ਕਿਤੇ ਵੱਧ ਤੈਨੂੰ ਪਿਆਰ ਕਰਦੀ ਆਂ...।'' ਧੀਆਂ ਅਤੇ ਮਾਵਾਂ ਅਕਸਰ ਇਹ ਬੋਲ ਇੱਕ ਦੂਜੇ ਨੂੰ ਬੋਲਦੀਆਂ ਰਹਿੰਦੀਆਂ ਹਨ। ''ਮਾਂ! ਜਦੋਂ ਵੀ ਮੈਨੂੰ ਕੁਝ ਪਰੇਸ਼ਾਨੀ ਤੇ ਦੁੱਖ ਹੁੰਦਾ ਹੈ ਨਾ ਤਾਂ ਮੈਨੂੰ ਕੇਵਲ ਤੇਰੀ ਹਿੱਕ ਨਾਲ ਲੱਗ ਕੇ ਹੀ ਸ਼ਾਂਤੀ ਤੇ ਸਕੂਨ ਮਿਲਦਾ ਹੈ...।'' ਧੀ ਅਕਸਰ ਇਹ ਬੋਲ ਆਪਣੀ ਮਾਂ ਨੂੰ ਬੋਲਦੀ ਰਹਿੰਦੀ ਹੈ।

ਮਾਂ ਬਚਪਨ ਤੋਂ ਧੀ ਦੀ ਢਾਲ ਬਣ ਰਹਿੰਦੀ ਹੈ। ਉਹ ਕਦੇ ਉਸ ਨੂੰ ਪਿਓ ਤੇ ਕਦੇ ਭਰਾਵਾਂ ਦੇ ਗੁੱਸੇ ਤੋਂ ਬਚਾਉਂਦੀ ਹੈ। ਜਦੋਂ ਉਹ ਵਿਆਹੀ ਜਾਂਦੀ ਹੈ ਤਾਂ ਉਹ ਉਸ ਨੂੰ ਸਹੁਰੇ ਵਾਲਿਆਂ ਦੇ ਗੁੱਸੇ, ਨਾਰਾਜ਼ਗੀ ਤੇ ਜ਼ਿਆਦਤੀਆਂ ਤੋਂ ਬਚਾਉਣ ਵਾਸਤੇ ਉਸ ਦੀ ਰੱਖਿਆ ਛੱਤਰੀ ਬਣ ਜਾਂਦੀ ਹੈ। ਜਦੋਂ ਧੀ ਪਰਾਈ ਹੋ ਜਾਂਦੀ ਹੈ, ਮਤਲਬ ਉਸ ਦਾ ਵਿਆਹ ਹੋ ਜਾਂਦਾ ਹੈ ਤਾਂ ਅਕਸਰ ਮਾਂ ਨੂੰ ਆਪਣੀ ਧੀ ਦਾ ਫਿਕਰ ਲੱਗਾ ਰਹਿੰਦਾ ਹੈ। ਅਜੇ ਧੀ ਨੂੰ ਸਹੁਰੇ ਗਏ ਕੁਝ ਦਿਨ ਹੁੰਦੇ ਹਨ, ਰੋਜ਼ ਫੋਨ ਉਪਰ ਗੱਲਬਾਤ ਵੀ ਹੁੰਦੀ ਹੈ, ਫਿਰ ਵੀ ਮਾਂ ਉਹਨੂੰ ਕਹਿੰਦੀ ਹੈ, ''ਕਿੰਨੇ ਦਿਨ ਹੋ ਗਏ ਤੈਨੂੰ ਮਿਲਿਆਂ ਨੂੰ, ਕਦੋਂ ਆਏਂਗੀ ਮਿਲਣ ਵਾਸਤੇ...? ਤੈਨੂੰ ਆਪਣੀ ਮਾਂ ਦੀ ਯਾਦ ਨਹੀਂ ਆਉਂਦੀ? ਤੂੰ ਤਾਂ ਸਹੁਰੇ ਜਾਂਦੇ ਹੀ ਮਾਂ ਨੂੰ ਭੁਲਾ ਹੀ ਦਿੱਤਾ ਹੈ...।'' ਜਦੋਂ ਵੀ ਧੀ ਦੇ ਬੋਲਾਂ ਵਿੱਚ ਕੁਝ ਤਲਖੀ ਤੇ ਪਰੇਸ਼ਾਨੀ ਝਲਕਦੀ ਹੈ ਤਾਂ ਮਾਂ ਅਕਸਰ ਪੁੱਛ ਲੈਂਦੀ ਹੈ, ''ਦੇਖ ਧੀਏ ਸੱਚ ਦੱਸ... ਝੂਠ ਨਾ ਬੋਲੀਂ, ਮੇਰੇ ਤੋਂ ਕੁਝ ਛੁਪਾਈਂ ਨਾ, ਤੂੰ ਠੀਕ ਹੈ ਨਾਂ? ਕੋਈ ਪਰੇਸ਼ਾਨੀ ਜਾਂ ਸਮੱਸਿਆ ਤਾਂ ਨਹੀਂ ਨਾ...?'' ਮਾਂ ਦੀ ਜ਼ਰਾ ਜਿਹੀ ਖਾਂਸੀ ਧੀ ਨੂੰ ਪ੍ਰੇਸ਼ਾਨ ਤੇ ਦੁਖੀ ਕਰ ਦਿੰਦੀ ਹੈ। ਉਸ ਦੇ ਆਪਣੀ ਮਾਂ ਨੂੰ ਬੋਲੇ ਇਹ ਸ਼ਬਦ ਆਮ ਹੁੰਦੇ ਹਨ, ''ਪਿਤਾ ਜੀ ਨਾਲ ਝਗੜਾ ਘੱਟ ਕਰਿਆ ਕਰ, ਨੂੰਹਾਂ ਦੇ ਕੰਮਾਂ ਵਿੱਚ ਨੁਕਸ ਨਾ ਕੱਢਿਆ ਕਰ, ਵੱਡੇ ਵੀਰ ਦੀਆਂ ਗੱਲਾਂ ਦਾ ਗੁੱਸਾ ਨਾ ਕਰਿਆ ਕਰ, ਉਹ ਵਿਚਾਰਾ ਚੱਕੀ ਦੇ ਪੁੜਾਂ ਵਿੱਚ ਦਾਣਿਆਂ ਵਾਂਗ ਪਿਸਦਾ ਰਹਿੰਦਾ ਹੈ... ਇੱਕ ਪਾਸੇ ਤੂੰ ਤੇ ਦੂਜੇ ਪਾਸੇ ਭਰਜਾਈ... ਉਹ ਵਿਚਾਰਾ ਦੋਵਾਂ ਨੂੰ ਖੁਸ਼ ਰੱਖਣ ਵਾਸਤੇ ਲੱਗਿਆ ਰਹਿੰਦਾ ਹੈ... ਮੇਰੇ ਬਾਰੇ ਵੀ ਬਹੁਤਾ ਫਿਕਰ ਨਾ ਕਰਿਆ ਕਰ, ਮੇਰੇ ਘਰ ਵਾਲਾ ਅਤੇ ਸੱਸ ਸਹੁਰਾ ਦੋਵੇਂ ਠੀਕ ਨੇ, ਮੇਰਾ ਬਹੁਤ ਖਿਆਲ ਰੱਖਦੇ ਨੇ, ਮਾਂ ਬਹੁਤਾ ਸੜਿਆ ਧੁਖਿਆ ਨਾ ਕਰ, ਖੁਸ਼ ਰਿਹਾ ਕਰ, ਗੱਲ ਗੱਲ ਉੱਤੇ ਆਪਣਾ ਬੀ ਪੀ ਨਾ ਵਧਾਇਆ ਕਰੇ, ਯੋਗਾ ਕਰਿਆ ਕਰ, ਦਵਾਈ ਸਮੇਂ ਸਿਰ ਖਾਇਆ ਕਰ, ਸਿਹਤ ਦਾ ਖਿਆਲ ਰੱਖਿਆ ਕਰ। ਸਿਆਲ ਆ ਰਿਹਾ ਹੈ, ਤੇਰੇ ਵਾਸਤੇ ਨਵੀਂ ਸਵੈਟਰ ਬੁਣਨੀ ਹੈ, ਅੱਛਾ ਇਹ ਦੱਸ ਕਿਹੜੇ ਰੰਗ ਦੀ ਉੱਨ ਲਵਾਂ?''

ਮਾਂ ਹਮੇਸ਼ਾ ਧੀ ਦੇ ਫਾਇਦੇ ਵਾਸਤੇ ਸੋਚਦੀ ਰਹਿੰਦੀ ਹੈ। ਜੇ ਧੀ ਦਾ ਚਿਹਰਾ ਥੋੜ੍ਹਾ ਜਿਹਾ ਲਿੱਸਾ ਵਿਖਾਈ ਦੇਵੇ ਤਾਂ ਮਾਂ ਉਸੇ ਵੇਲੇ ਪੁੱਛ ਲੈਂਦੀ ਹੈ, ''ਤੂੰ ਇੰਨੀ ਕਮਜ਼ੋਰ ਕਿਵੇਂ ਹੋ ਗਈ? ਖਾਣਾ ਨਹੀਂ ਖਾਂਦੀ, ਆਪਣੇ ਖਾਣ-ਪੀਣ ਦਾ ਧਿਆਨ ਰੱਖਿਆ ਕਰ, ਕਿੰਨੇ ਦਿਨ ਹੋ ਗਏ ਤੈਨੂੰ ਮਿਲੇ ਨੂੰ... ਆ ਜਾ ਮਿਲ ਜਾ ਕਿਸੇ ਦਿਨ, ਮੈਂ ਤੇਰੇ ਵਾਸਤੇ ਤੇਰੀ ਮਨਪਸੰਦ ਦਾ ਮੇਵਿਆਂ ਵਾਲਾ ਹਲਵਾ ਬਣਾਵਾਂਗੀ... ਆ ਜਦਾ ਮੇਰਾ ਪੁੱਤ...।'' ਜੇ ਕਿਤੇ ਉਹ ਵੀਡੀਓ ਕਾਲ ਰਾਹੀਂ ਵੀ ਦੇਖ ਲਵੇ ਕਿ ਧੀ ਕੁਝ ਸਜੀ ਸੰਵਰੀ ਨਹੀਂ ਹੈ ਤਾਂ ਉਹ ਅਕਸਰ ਡਾਂਟਦੀ ਹੋਈ ਕਹਿੰਦੀ ਹੈ, ''ਥੋੜ੍ਹਾ ਬਣ ਸੰਵਰ ਵੀ ਲਿਆ ਕਰ, ਤੂੰ ਕਿਹੜੀ ਕਿਤੇ ਬੁੱਢੀ ਹੋ ਗਈ ਐਂ, ਕੀ ਐਵੇਂ ਝਾਟਾ ਖਿਲਾਰਿਆ ਪਿਆ ਹੈ, ਜਿਉਂਦੇ ਜੀਅ ਕੰਮ ਤਾਂ ਕਦੇ ਮੁੱਕਣੇ ਨਹੀਂ, ਆਪਣੇ ਵਾਸਤੀ ਈ ਟਾਈਮ ਕੱਢ ਲਿਆ ਕਰ ਧੀਏ...।''

ਧੀ ਮਾਂ ਨੂੰ ਮਿਲਣ ਆਉਂਦੀ ਹੈ। ਦੋ ਚਾਰ ਦਿਨ ਰਹਿ ਕੇ ਜਦੋਂ ਪਰਤਣ ਲੱਗਦੀ ਹੈ ਤਾਂ ਮਾਂ ਅਕਸਰ ਇਹ ਬੋਲਦੀ ਹੈ, ''ਬੱਸ ਇੰਨੀ ਛੇਤੀ... ਅਜੇ ਮੈਂ ਤੈਨੂੰ ਪੂਰੀ ਤਰ੍ਹਾਂ ਮਿਲੀ ਵੀ ਨਹੀਂ... ਔਤਰਾ ਵਕਤ ਹੀ ਨਹੀਂ ਮਿਲਿਆ, ਰਹਿ ਲੈ ਨਾ ਦੋ ਦਿਨ ਹੋਰ ਮਾਂ ਕੋਲ, ਫਿਰ ਪਤਾ ਨਹੀਂ ਕਦੋਂ ਆਏਂਗੀ... ਨਾਲੇ ਧੀਏ ਮੇਰੀ ਤਬੀਅਤ ਵੀ ਕੁਝ ਠੀਕ ਨਹੀਂ ਰਹਿੰਦੀ... ਘੜੀ ਦਾ ਕੀ ਪਤਾ ਹੁੰਦੇ...?'' ਮਾਂ ਦੇ ਮੋਹ ਭਿੱਜੇ ਬੋਲ ਸੁਣ ਧੀ ਅਕਸਰ ਕੁਝ ਸਮਾਂ ਹੋਰ ਆਪਣੀ ਮਾਂ ਨਾਲ ਗੁਜ਼ਾਰਦੀ ਹੈ। ਧੀ ਚਾਹੇ ਜਿੰਨੀ ਮਰਜ਼ੀ ਅਮੀਰ ਹੋਵੇ, ਪਰ ਤੁਰਨ ਲੱਗਿਆਂ ਹੋਰਾਂ ਤੋਂ ਚੋਰੀ ਅਕਸਰ ਮਾਂ ਆਪਣੀ ਧੀ ਦੇ ਹੱਥ ਵਿੱਚ ਕੁਝ ਰੁਪਏ ਸ਼ਗਨ ਦੇ ਰੂਪ ਵਿੱਚ ਫੜਾ ਹੀ ਦਿੰਦੀ ਹੈ।

ਘਰ ਵਿੱਚ ਮਾਂ ਹੋਵੇ ਤਾਂ ਵਿਹੜਾ ਵੀ ਧੀਆਂ ਦੀ ਉਡੀਕ ਕਰਦਾ ਹੈ। ਧੀਆਂ ਨੂੰ ਪੇਕੇ ਜਾਣ ਦੀ ਤਾਂਘ ਲੱਗੀ ਰਹਿੰਦੀ ਹੈ। ਧੀਆਂ ਆਪਣੇ ਮਨ ਦੀਆਂ ਗੱਲਾਂ ਤੇ ਰਾਜ਼ ਕੇਵਲ ਤੇ ਕੇਵਲ ਆਪਣੀਆਂ ਮਾਵਾਂ ਨਾਲ ਸਾਂਝਾ ਕਰਦੀਆਂ ਹਨ। ਧੀਆਂ ਨੂੰ ਆਪਣੀ ਮਾਂ ਉਤੇ ਇੱਕ ਕਿਸਮ ਦਾ ਅਧਿਕਾਰ ਹੁੰਦਾ ਹੈ। ਅਜਿਹਾ ਅਧਿਕਾਰ ਜਿਸ ਵਿੱਚ ਆਪਣਾਪਣ, ਮੋਹ ਤੇ ਪਿਆਰ ਲਬੋਲਬ ਭਰਿਆ ਹੁੰਦਾ ਹੈ। ਰੱਬ ਕਰੇ ਮਾਂ...ਧੀ ਦਾ ਇਹ ਅਨਮੋਲ ਰਿਸ਼ਤਾ ਹਮੇਸ਼ਾ ਖੁਸ਼ਹਾਲ ਬਣਿਆ ਰਹੇ। ਆਮੀਨ।


## ਬਾਬਾ ਪਿਆਰਾ ਸਿੰਘ ਜੀ ਝਾੜ ਸਾਹਿਬ ਵਾਲਿਆਂ ਦੀ ਯਾਦ ਵਿੱਚ ਆਖੰਡ ਪਾਠ ਦੇ ਭੋਗ 8 ਅਗਸਤ ਐਤਵਾਰ ਨੂੰ, ਸੰਗਤਾਂ ਮਾਸਕ ਪਹਿਨ ਕੇ ਹਾਜ਼ਰੀ ਭਰਨ



ਬਰੈਂਪਟਨ 28 ਜੁਲਾਈ: ਪਿੰਡ ਝਾੜ ਸਾਹਿਬ ਅਤੇ ਇਲਾਕਾ ਨਿਵਾਸੀ ਸੰਗਤਾਂ ਵੱਲੋਂ ਬਾਬਾ ਪਿਆਰਾ ਸਿੰਘ ਜੀ ਝਾੜ ਸਾਹਿਬ ਵਾਲਿਆਂ ਦੀ ਨਿੱਘੀ ਯਾਦ ਵਿੱਚ 6 ਤੋਂ 8 ਅਗਸਤ 2021 ਤੱਕ ਅਖੰਡ ਪਾਠ ਕਰਵਾਇਆ ਜਾ ਰਿਹਾ ਹੈ। ਪਾਠ ਦੇ ਭੋਗ ਠੀਕ 11 ਵਜੇ ਐਤਵਾਰ ਨੂੰ ਸ੍ਰੀ ਗੁਰੂ ਨਾਨਕ ਸਿੱਖ ਸੈਂਟਰ, 99 ਮਲਿਗਨ ਰੋਡ ਬਰੈਂਪਟਨ ਵਿਖੇ ਪਾਏ ਜਾਣਗੇ। ਗੁਰਦਵਾਰਾ ਸਾਹਿਬ ਵਿਖੇ ਰੋਜ਼ ਪ੍ਰੋਗਰਾਮਾਂ ਦੇ ਚਲਦਿਆਂ ਇਸ ਵਾਰ ਕੀਰਤਨ ਪ੍ਰੋਗਰਾਮ ਨਹੀਂ ਹੋ ਸਕਣਗੇ। ਸੋ ਸੰਗਤਾਂ 11 ਵਜੇ ਤੋਂ ਪਹਿਲਾਂ ਪਹੁੰਚ ਕੇ ਭੋਗ ਸਮੇਂ ਹਾਜ਼ਰੀਆਂ ਲਗਵਾਉਣ। ਵਰਨਣਯੋਗ ਹੈ ਕਿ ਬਾਬਾ ਪਿਆਰਾ ਸਿੰਘ ਜੀ ਨੇ ਆਪਣੇ ਇਲਾਕੇ ਵਿੱਚ ਵੱਡੀ ਗਿਣਤੀ ਵਿੱਚ ਵਿੱਦਿਅਕ ਸੰਸਥਾਵਾਂ ਸ਼ੁਰੂ ਕਰਵਾਈਆਂ। ਤੋਂ ਇਲਾਵਾ ਗੁਰਦੁਆਰਾ ਝਾੜ ਸਾਹਿਬ, ਜਮਕੌਰ ਸਾਹਿਬ ਅਤੇ ਮਾਛੀਵਾੜਾ ਸਾਹਿਬ ਸਮੇਤ ਸਰੂਤ ਸਾਰੇ ਗੁਰਦੁਆਰਿਆਂ ਦੀ ਸੇਵਾ ਕੀਤੀ। ਕੋਵਿਡ-19 (COVID) ਦੇ ਚਲਦਿਆਂ ਪ੍ਰਬੰਧਕਾਂ ਵੱਲੋਂ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਆਪਣੇ ਅਤੇ ਆਪਣੇ ਪਰਿਵਾਰਾਂ ਦੀ ਸਿਹਤਯਾਬੀ ਲਈ ਜ਼ਰੂਰੀ ਕਦਮ ਚੁਕਣ ਅਤੇ ਮਾਸਕ ਪਹਿਨ ਕੇ ਅਖੰਡ ਸਾਹਿਬ ਮੌਕੇ ਹਾਜ਼ਰੀਆਂ ਭਰਨ, ਸੇਵਾ ਕਰਨ ਦੀ ਅਪੀਲ ਕੀਤੀ ਗਈ ਹੈ। ਦੀਵਾਨ ਦੀ ਹਾਜ਼ਰੀ ਭਰਦਿਆਂ ਸੋਸ਼ਲ ਡਿਸਟੈਂਸਿੰਗ ਦਾ ਧਿਆਨ ਰਖਿਆ ਜਾਵੇ। ਪ੍ਰੋਗਰਾਮ ਸੰਬੰਧੀ ਹੋਰ ਵਧੇਰੇ ਜਾਣਕਾਰੀ ਲਈ ਸੌਦਾਗਰ ਸਿੰਘ ਪਵਾਰ (647-627-4425) ਜਾਂ ਦੀਪੂ ਕਕਰਾਲਾ ਨਾਲ 416 994 4415 'ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਖੇਡ ਮੰਤਰੀ ਰਾਣਾ ਸੋਢੀ ਦੇ ਪਿੰਡ ਵਿੱਚਲਾ ਸ਼ਹੀਦ ਦਾ ਬੁੱਤ ਵਿਵਾਦਾਂ ਦਾ ਕਾਰਨ ਬਣਿਆ

* ਮੁਹੰਮਦ ਸਿੰਘ ਆਜ਼ਾਦ ਦੀ ਥਾਂ 'ਰਾਮ ਰਹੀਮ ਸਿੰਘ' ਲਿਖ ਦਿੱਤਾ



ਫਰੀਦਕੋਟ, 2 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦੇ ਆਪਣੇ ਜੱਦੀ ਪਿੰਡ ਮੋਹਨ ਕੇ ਉਤਾੜ ਵਿੱਚ ਲਾਇਆ ਗਿਆ ਸ਼ਹੀਦ ਊਧਮ ਸਿੰਘ ਦਾ ਬੁੱਤ ਵਿਵਾਦ ਦਾ ਮੁੱਦਾ ਬਣ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਸਥਾਨਕ ਪ੍ਰਸ਼ਾਸਨ ਨੇ ਸ਼ਹੀਦ ਊਧਮ ਸਿੰਘ ਦੇ ਬੁੱਤ ਥੱਲੇ ਲਾਏ ਉਦਘਾਟਨੀ ਪੱਥਰ ਉੱਤੇ 'ਮੁਹੰਮਦ ਸਿੰਘ ਆਜ਼ਾਦ' ਲਿਖਣ ਦੀ ਥਾਂ 'ਰਾਮ ਰਹੀਮ ਸਿੰਘ' ਲਿਖ ਦਿੱਤਾ ਤੇ ਖੇਡ ਮੰਤਰੀ ਨੇ ਬਿਨਾਂ ਦੇਖਿਆਂ ਹੀ ਇੱਕ ਦਿਨ ਪਹਿਲਾਂ ਇਸ ਦਾ ਉਦਘਾਟਨ ਕਰ ਦਿੱਤਾ। ਨੌਜਵਾਨ ਭਾਰਤ ਸਭਾ ਫਰੀਦਕੋਟ ਅਤੇ ਫਿਰੋਜ਼ਪੁਰ ਦੇ ਆਗੂਆਂ ਨੇ ਇਹ ਗੱਲ ਪਤਾ ਲੱਗਣ ਉੱਤੇ ਗੁਰੂ ਹਰਸਹਾਏ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੇ ਖਿਲਾਫ ਰੋਸ ਧਰਨਾ ਦੇ ਕੇ ਦੋਸ਼ ਲਾਇਆ ਕਿ ਪੰਜਾਬ ਦੇ ਕੈਬਨਿਟ ਮੰਤਰੀ ਨੇ ਜਾਣ-ਬੁੱਝ ਕੇ ਸ਼ਹੀਦ ਊਧਮ ਸਿੰਘ ਦਾ ਉਸ ਦੇ 81ਵੇਂ ਸ਼ਹੀਦੀ ਦਿਵਸ ਉੱਤੇ ਅਪਮਾਨ ਕੀਤਾ ਹੈ। ਵਿਵਾਦ ਭਖਣ ਪਿੱਛੋਂ ਗੁਰੂ ਹਰਸਹਾਏ ਪੁਲਸ ਨੇ ਸ਼ਹੀਦ ਊਧਮ ਸਿੰਘ ਦੇ ਬੁੱਤ ਥੱਲੇ ਲੱਗੇ ਨੀਂਹ ਪੱਥਰ-ਪਲੇਟ ਨੂੰ ਉਥੋਂ ਹਟਾ ਦਿੱਤਾ ਹੈ। ਨੌਜਵਾਨ ਭਾਰਤ ਸਭਾ ਦੇ ਆਗੂ ਨਰਿੰਦਰ ਸਿੰਘ ਆਜ਼ਾਦ ਤੇ ਹੋਰਨਾਂ ਆਦਿ ਨੇ ਕਿਹਾ ਕਿ ਸ਼ਹੀਦਾਂ ਦਾ ਅਪਮਾਨ ਕਰਨ ਵਾਲੇ ਅਧਿਕਾਰੀਆਂ ਤੇ ਸਿਆਸੀ ਆਗੂਆਂ ਖਿਲਾਫ ਫੌਜਦਾਰੀ ਕੇਸ ਦਰਜ ਹੋਣਾ ਚਾਹੀਦਾ ਹੈ।ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਇਸ ਬਾਰੇ ਕੋਈ ਟਿਪਣੀ ਨਹੀਂ ਕੀਤੀ।

## ਪੰਜਾਬ ਦੇ ਮੁੱਖ ਮੰਤਰੀ ਬਾਰੇ ਡਿਜੀਟਲ ਸਕਰੀਨ ਉਤੇ ਅਪਸ਼ਬਦ ਚੱਲੇ

ਖੰਨਾ, 2 ਅਗਸਤ (ਪੋਸਟ ਬਿਊਰੋ)- ਏਥੇ ਨੇੜੇ ਪਿੰਡ ਲਿਬੜਾ ਕੋਲ ਨੈਸ਼ਨਲ ਹਾਈਵੇ ਖੰਨਾ ਉੱਤੇਲੱਗੀ ਡਿਜੀਟਲ ਐਲ ਈ ਡੀ ਸਕਰੀਨ ਉੱਤੇ ਸ਼ਨੀਵਾਰ ਰਾਤ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਰੇ ਅਪਸ਼ਬਦ ਚੱਲਣ ਲੱਗ ਪਏ। ਇੱਕ ਢਾਬੇ ਵਾਲੇ ਨੇ ਇਹ ਸ਼ਬਦ ਦੇਖ ਕੇ ਪੁਲਸ ਨੂੰ ਦੱਸਿਆ ਤਾਂ ਪੁਲਸ ਨੇ ਓਥੇ ਪਹੁੰਚ ਕੇ ਸਕਰੀਨ ਦਾ ਕੁਨੈਕਸ਼ਨ ਕੱਟ ਦਿੱਤਾ, ਪਰ ਇੱਸ ਬਾਰੇ ਕੋਈ ਕਾਨੂੰਨੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ।

ਮਿਲੀ ਜਾਣਕਾਰੀ ਅਨੁਸਾਰ ਐਲ ਈ ਡੀ ਸਕਰੀਨ ਨੂੰ ਠੀਕ ਕਰਨ ਦੇ ਬਹਾਨੇ ਇੱਕ ਛੋਟਾ ਹਾਥੀ ਗੱਡੀ ਦੋ ਦਿਨ ਪਹਿਲਾਂ ਇੱਥੇ ਆਈ ਸੀ, ਜਿਹੜੀ ਇੱਕ ਢਾਬੇ ਦੇ ਸੀ ਸੀ ਟੀ ਵੀ ਕੈਮਰੇ ਵਿੱਚ ਦਿਖਾਈ ਦੇਂਦੀ ਹੈ, ਪਰ ਉਸ ਦਾ ਨੰਬਰ ਨਹੀਂ ਦਿੱਸਦਾ। ਸ਼ੱਕ ਕੀਤਾ ਜਾਂਦਾ ਹੈ ਕਿ ਉਸ ਦੇ ਬਾਅਦ ਇਹ ਸੁਨੇਹਾ ਸਕਰੀਨ ਉੱਤੇ ਚੱਲਿਆ ਹੋਵ-ੇਗਾ, ਪਰ ਇਸ ਉੱਤੇ ਨਜ਼ਰ ਸ਼ਨੀਵਾਰ ਦੀ ਰਾਤ ਨੂੰ ਪਈ। ਆਮ ਤੌਰ ਉੱਤੇ ਇਸ ਸਕਰੀਨ ਉੱਤੇ ਟਰੈਫਿਕ ਨਿਯਮਾਂ ਦੇ ਪਾਲਣ ਸਬੰਧੀ ਸੰਦੇਸ਼ ਹੀ ਚਲਾਏ ਜਾਂਦੇ ਹਨ। ਇਸ ਸਕਰੀਨ ਉੱਤੇ



ਪਹਿਲਾਂ ਕੇਜਰੀਵਾਲ ਦੀ ਸਰਕਾਰ ਬਣਨ ਦਾ ਦਾਅਵਾ ਕੀਤਾ ਗਿਆ ਤੇ ਉਸ ਦੇ ਬਾਅਦ ਪੰਜਾਬ ਦੇ ਮੁੱਖ ਮੰਤਰੀ ਦੇ ਵਿਰੁੱਧ ਅਪਸ਼ਬਦ ਚਲਾਏ ਗਏ, ਜਿਸ ਕਰ ਕੇ ਸ਼ੱਕ ਕੀਤਾ ਜਾ ਰਿਹਾ ਹੈ ਕਿ ਇਹ ਹਰਕਤ ਇਲਾਕੇ ਦੇ ਆਮ ਆਦਮੀ ਪਾਰਟੀ ਦੇ ਵਰਕਰਾਂ ਵਿੱਚੋਂ ਕਿਸੇ ਦੀ ਹੋਵੇਗੀ ਜਾਂ ਫਿਰ ਧਿਆਨ ਭਟਕਾਉਣ ਲਈ ਮੁੱਖ ਮੰਤਰੀ ਨੂੰ ਅਪਸ਼ਬਦ ਦੇ ਨਾਲ ਆਮ ਆਦਮੀ ਪਾਰਟੀ ਦੇ ਸਮਰਥਨ ਦਾ ਮੈਟਰ ਲਿਖ ਦਿੱਤਾ ਹੋਵੇਗਾ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸ਼ਾਇਦ ਕਿਸੇ ਨੇ ਆਮ ਆਦਮੀ ਪਾਰਟੀ ਨੂੰ ਬਦਨਾਮ ਕਰਨ ਲਈ ਕੀਤਾ ਹੋਵੇ। ਥਾਣਾ ਸਦਰ ਖੰਨਾ ਦੇ ਐਸ ਐਚ ਓ ਸਰਬਜੀਤ ਸਿੰਘ ਨੇ ਕਿਹਾ ਕਿ ਇਹ ਕੋਈ ਵੱਡੀ ਗੱਲ ਨਹੀਂ, ਇਸ ਦਾ ਕੋਈ ਕੇਸ ਦਰਜ ਨਹੀਂ ਕੀਤਾ ਗਿਆ।

ਅਕਾਲੀ ਦਲ ਦੇ ਕੇਂਦਰੀ ਵਰਕਿੰਗ ਕਮੇਟੀ ਦੇ ਮੈਂਬਰ ਯਾਦਵਿੰਦਰ ਸਿੰਘ ਯਾਦੂ ਨੇ ਕਿਹਾ ਕਿ ਜੀ ਟੀ ਰੋਡ ਉੱਤਲੀ ਐਲ ਈ ਡੀਸਕਰੀਨ ਉੱਤੇ ਮੁੱਖ ਮੰਤਰੀ ਬਾਰੇ ਲਿਖੇ ਅਪਸ਼ਬਦ ਇਖਲਾਕ ਤੋਂ ਡਿੱਗੇ ਲੋਕਾਂ ਦਾ ਕੰਮ ਹੈ ਅਤੇ ਅਕਾਲੀ ਦਲ ਨਿੰਦਾ ਕਰਦਾ ਹੈ, ਇਹ ਸ਼ਰਾਰਤ ਕਰਨ ਵਾਲੇ ਦੀ ਜਾਂਚ ਹੋਣੀ ਚਾਹੀਦੀ ਹੈ।ਬਲਾਕ ਸੰਮਤੀ ਖੰਨਾ ਦੇ ਚੇਅਰਮੈਨ ਸਤਨਾਮ ਸਿੰਘ ਸੋਨੀ ਨੇ ਕਿਹਾ ਕਿ ਕਿਸੇ ਵੀ ਮੁੱਖ ਮੰਤਰੀ ਬਾਰੇ ਅਜਿਹੀ ਘਟੀਆ ਸ਼ਬਦਾਵਲੀ ਨਿੰਦਣਯੋਗ ਹੈ। ਕੁਝ ਲੋਕ ਘਟੀਆ ਰਾਜਨੀਤੀ ਕਰ ਕੇ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੇ ਹਨ। ਜੀ ਟੀ ਰੋਡ ਤੋਂ ਰੋਜ਼ਾਨਾ ਵੱਡੀ ਗਿਣਤੀ ਵਿੱਚ ਲੋਕ ਧੀਆਂ-ਭੈਣਾਂ ਦੇ ਨਾਲ ਲੰਘਦੇ ਹਨ। ਇਹ ਸ਼ਬਦ ਲਿਖਣੇ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਹੈ। ਆਮ ਆਦਮੀ ਪਾਰਟੀ ਦੇ ਸਾਬਕਾ ਹਲਕਾ ਇੰਚਾਰਜ ਅਨਿਲ ਦੱਤ ਫੱਲੀ ਨੇ ਕਿਹਾ ਕਿ ਇਹ ਬਹੁਤ ਨਿੰਦਣਯੋਗ ਕੰਮ ਕੀਤਾ ਗਿਆ ਹੈ। ਕੁਝ ਲੋਕ ਆਮ ਆਦਮੀ ਪਾਰਟੀ ਉੱਤੇ ਦੋਸ਼ ਲਾ ਰਹੇ ਹਨ,ਸਾਡੀ ਪਾਰਟੀ ਇਸ ਘਟੀਆ ਰਾਜਨੀਤੀ ਵਿੱਚ ਯਕੀਨ ਨਹੀਂ ਰੱਖਦੀ।

## 135 ਦਿਨਾਂ ਦੇ ਬਾਅਦ ਬੇਹੋਸ਼ ਹੋਏ ਸੁਰਿੰਦਰਪਾਲ ਨੂੰ ਟਾਵਰ ਤੋਂ ਹੇਠਾਂ ਉਤਾਰਿਆ ਗਿਆ

* ਸਰਕਾਰ ਨੇ ਝੁਕ ਕੇ ਪੋਸਟਾਂ ਦਾ ਇਸ਼ਤਿਹਾਰ ਜਾਰੀ ਕੀਤਾ

ਪਟਿਆਲਾ, 2 ਅਗਸਤ (ਪੋਸਟ ਬਿਊਰੋ)- ਬੇਰੋਜ਼ਗਾਰ ਈ ਟੀ ਟੀ ਟੈਟ ਪਾਸ ਅਧਿਆਪਕਾਂ ਦਾ ਇਸ਼ਤਿਹਾਰ ਜਾਰੀ ਹੋਣ ਤੋਂ ਬਾਅਦ ਆਖਰ ਕੱਲ੍ਹ ਟਾਵਰ ਉੱਤੇ ਚੜ੍ਹੇ ਸੁਰਿੰਦਰਪਾਲ ਨੂੰ ਬੇਹੋਸ਼ੀ ਦੀ ਹਾਲਤ ਵਿੱਚ 135 ਦਿਨਾਂ ਪਿੱਛੋਂ ਹੇਠਾਂ ਉਤਾਰ ਲਿਆ ਗਿਆ। ਇਸ ਮੌਕੇ ਭਾਰੀ ਪੁਲਸ ਫੋਰਸ ਤਾਇਨਾਤ ਸੀ। ਰੱਸੀਆਂ ਨਾਲ ਬੰਨ੍ਹ ਕੇ ਹੇਠਾਂ ਉਤਾਰੇ ਗਏ ਸੁਰਿੰਦਰਪਾਲ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ, ਕਿਉਂਕਿ ਉਹ ਬਹੁਤ ਕਮਜ਼ੋਰ ਹੋ ਚੁੱਕਿਆ ਸੀ।



ਕੱਲ੍ਹ ਸਰਕਾਰ ਨੇ ਈ ਟੀ ਟੀ ਬੇਰੋਜ਼ਗਾਰ ਟੈਟ ਪਾਸ ਅਧਿਆਪਕਾਂ ਦੀਆਂ ਮੰਗਾਂ ਮੰਨ ਲਈਆਂ ਅਤੇ ਸੰਬੰਧਤ ਪੋਸਟਾਂ ਦਾ ਇਸ਼ਤਿਹਾਰ ਜਾਰੀ ਕਰ ਦਿੱਤਾ ਹੈ। ਬੇਰੋਜ਼ਗਾਰ ਅਧਿਆਪਕਾਂ ਨੇ ਕਿਹਾ ਕਿ ਉਹ ਪੱਕੇ ਰੋਜ਼ਗਾਰ ਦੀ ਮੰਗ ਕਰਦੇ ਸਨ, ਪਰ ਸਰਕਾਰ ਆਨਾਕਾਨੀ ਕਰ ਰਹੀ ਸੀ। ਕੱਲ੍ਹ ਸੁਰਿੰਦਰਪਾਲ ਨੂੰ ਟਾਵਰ ਤੋਂ ਉਤਾਰਨ ਲਈ ਪਟਿਆਲਾ ਪ੍ਰਸ਼ਾਸਨ ਤੇ ਪੁਲਸ ਅਧਿਕਾਰੀ ਅਤੇ ਪੰਜਾਬ ਦੇ ਹਜ਼ਾਰਾਂ ਬੇਰੋਜ਼ਗਾਰ ਈ ਟੀ ਟੀ ਟੈਟ ਪਾਸ ਅਧਿਆਪਕ ਵੀ ਮੌਜੂਦ ਸਨ।

## ਜਾਅਲੀ ਆਧਾਰ ਕਾਰਡ ਬਣਾਉਣ ਵਾਲੇ ਗੈਂਗ ਦਾ ਪਰਦਾਫਾਸ਼

ਲੁਧਿਆਣਾ, 2 ਅਗਸਤ (ਪੋਸਟ ਬਿਊਰੋ)- ਕਰਾਈਮ ਬ੍ਰਾਂਚ ਲੁਧਿਆਣਾ ਦੀ ਟੀਮ ਨੇ ਇੱਕ ਅਜਿਹੇ ਗਿਰੋਹ ਦਾ ਪਰਦਾ ਫਾਸ਼ ਕੀਤਾ ਹੈ, ਜੋ ਆਧਾਰ ਕਾਰਡ ਬਣਵਾਉਣ ਅਤੇ ਉਨ੍ਹਾਂ ਦੀ ਸੋਧ ਕਰਨ ਲਈ ਜਾਅਲੀ ਸੈਂਟਰ ਚਲਾ ਕੇ ਉਥੇ ਆਧਾਰ ਕਾਰਡ ਬਣਾ ਰਿਹਾ ਸੀ। ਪੁਲਸ ਮੁਤਾਬਕ ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਦੀ ਪਛਾਣ ਨਿਊ ਸੁਭਾਸ਼ ਨਗਰ ਦੇ ਵਾਸੀ ਰਾਜ ਕੁਮਾਰ ਉਰਫ ਰਾਜ, ਤਿਲਕ ਨਗਰ ਰਾਹੋਂ ਰੋਡ ਦੇ ਵਿਨੋਦ ਕੁਮਾਰ ਉਰਫ ਭੱਲਾ ਤੇ ਪਿੰਡ ਬਾਜੜਾ ਕਾਲੋਨੀ ਮੇਹਰਬਾਨ ਦੇ ਰਾਜ ਕੁਮਾਰ ਉਰਫ ਸੰਨੀ ਵਜੋਂ ਹੋਈ ਹੈ ਤੇ ਚੌਥਾ ਦੋਸ਼ੀ ਹਰਜਾਪ ਨਗਰ, ਮੁੰਡੀਆਂ ਕਲਾਂ ਕੁਲਦੀਪ ਕੁਮਾਰ ਸੀ, ਜਿਹੜਾ ਪੁਲਸ ਦੇ ਛਾਪੇ ਦੇ ਵਕਤ ਮੌਕਾ ਵੇਖ ਕੇ ਫਰਾਰ ਹੋ ਗਿਆ।

ਡੀ ਸੀ ਪੀ ਕਰਾਈਮ ਸਿਮ-ਰਤਪਾਲ ਸਿੰਘ ਢੀਂਡਸਾ ਨੇ ਦੱਸਿਆ ਕਿ ਸਾਰੇ ਦੋਸ਼ੀ ਤਿਲਕ ਨਗਰ ਇਲਾਕੇ ਵਿੱਚ ਪੈਂਦੇ ਅਭੀ ਸਟੂਡੀਓ ਵਿੱਚ ਫਰਜ਼ੀ ਆਧਾਰ ਕਾਰਡ ਬਣਾਉਣ ਦਾ ਕਾਰੋਬਾਰ ਕਰਦੇ ਅਤੇ ਭੋਲੇ ਲੋਕਾਂ ਨੂੰ ਤੁਰੰਤ ਆਧਾਰ ਕਾਰਡ ਬਣਾਉਣ ਦਾ ਝਾਂਸਾ ਦੇ ਕੇ ਪੈਸੇ ਠੱਗਦੇ ਸਨ। ਸੂਚਨਾ ਤੋਂ ਬਾਅਦ ਪੁਲਸ ਨੇ ਅਭੀ ਸਟੂਡੀਓ ਵਿੱਚ ਛਾਪਾਮਾਰ ਕੇ ਮੁਲਜ਼ਮ ਰਾਜ ਕੁਮਾਰ ਸਨੀ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਚੌਥੇ ਦੋਸ਼ੀ ਕੁਲਦੀਪ ਕੁਮਾਰ ਦੀ ਤਲਾਸ਼ ਕਰ ਰਹੀ ਹੈ। ਕਰਾਈਮ ਬ੍ਰਾਂਚ ਦੀ ਟੀਮ ਨੇ ਮੌਕੇ ਤੋਂ ਤਿੰਨ ਲੈਪਟਾਪ, ਫਿੰਗਰ ਪ੍ਰਿੰਟ ਸਕੈਨਰ, ਮਸ਼ੀਨ, ਕਈ ਪ੍ਰਿੰਟਰ, ਵੱਖ-ਵੱਖ ਨਾਵਾਂ ਦੇ 16 ਆਧਾਰ ਕਾਰਡ, ਪੰਜ ਪੈਨ ਕਾਰਡ, ਪੰਜ ਵੋਟਰ ਕਾਰਡ, ਨੌਂ ਡੰਮੀ ਫਿੰਗਰ ਪ੍ਰਿੰਟ ਦੇ ਛਾਪੇ ਫੈਵੀਕੋਲ ਵਾਲੇ ਅਤੇ 36 ਸਰਟੀਫਿਕੇਟ ਆਧਾਰ ਕਾਰਡ ਲਈ ਭਰੇ ਹੋਏ ਫਾਰਮ ਬਰਾਮਦ ਕੀਤੇ ਹਨ।ਕਰਾਈਮ ਬ੍ਰਾਂਚ ਦੀ ਟੀਮ ਨੇ ਮੁਲਜ਼ਮਾਂ ਕੋਲੋਂ ਹਰੀਸ਼ ਪੁਸ਼ਕਰ ਨਾਂਅ ਦੇ ਕਿਸੇ ਫਰਜ਼ੀ ਐਮ ਐਲ ਏ ਦੀ ਫਰਜ਼ੀ ਮੋਹਰ ਵੀ ਬਰਾਮਦ ਕੀਤੀ ਹੈ। ਇਹ ਗੈਂਗ ਭੋਲੇ ਲੋਕਾਂ ਦੇ ਆਧਾਰ ਕਾਰਡ ਅਤੇ ਹੋਰ ਪਰੂਫ ਬਣਾਉਣ ਲਈ ਉਨ੍ਹਾਂ ਤੋਂ ਰਕਮ ਲੈਂਦਾ ਅਤੇ ਡਿਪਟੀ ਕਮਿਸ਼ਨਰ ਡੁਬਰੀ ਆਸਾਮ ਦੀ ਵੈਬਸਾਈਟ ਉੱਤੇ ਫਾਰਮ ਭਰ ਕੇ ਜਾਅਲੀ ਦਸਤਾਵੇਜ਼ ਬਣਾ ਕੇ ਦਸਤਾਵੇਜ਼ਾਂ ਉੱਤੇ ਫਰਜ਼ੀ ਐਮ ਐਲ ਏ ਹਰੀਸ਼ ਪੁਸ਼ਕਰ ਦੀ ਜਾਅਲੀ ਮੋਹਰ ਲਗਾ ਦਿੰਦੇ ਸਨ।ਪੁਲਸ ਮੁਤਾਬਕ ਇਹ ਆਈ ਡੀ ਅਸਾਮ ਦੇ ਡੁਬਰੀ ਇਲਾਕੇ ਲਈ ਬਣਾਈ ਗਈ ਸੀ, ਇਸ ਦੀ ਵਰਤੋਂਵੀ ਉਥੇ ਹੀ ਹੋਣੀ ਸੀ, ਪਰ ਮੁਲਜ਼ਮ ਗੈਰ ਕਾਨੂੰਨੀ ਤਰੀਕੇ ਨਾਲ ਰਾਹੋਂ ਰੋਡ ਦੇ ਤਿਲਕ ਨਗਰ ਵਿੱਚ ਕਰ ਰਹੇ ਸਨ।

## ਤਿੰਨ ਵਾਹਨਾਂ ਦੀ ਟੱਕਰ ਵਿੱਚ ਇੱਕ ਵਿਅਕਤੀ ਦੀ ਮੌਤ, ਦੋ ਜ਼ਖ਼ਮੀ

ਬਨੂੜ, 2 ਅਗਸਤ (ਪੋਸਟ ਬਿਊਰੋ)- ਬਨੂੜ-ਲਾਂਡਰਾਂ ਬਾਬਾ ਬੰਦਾ ਸਿੰਘ ਬਹਾਦਰ ਮਾਰਗ ਦੇ ਪਿੰਡ ਫ਼ੌਜੀ ਕਲੋਨੀ ਅਤੇ ਮੋਟੇਮ-ਾਜਰਾ ਵਿਚਾਲੇ ਭਿੜੇ ਵਾਹਨਾਂ ਕਾਰਨ ਇੱਕ ਦੀ ਮੌਤ ਹੋਈ ਤੇ ਦੋ ਜ਼ਖ਼ਮੀ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਹਾਦਸਾ ਬਾਅਦ ਦੁਪਹਿਰ ਵਾਪਰਿਆ ਜਦੋਂ ਆਲਟੋ ਕਾਰ ਤੇ ਉਸ ਦੇ ਪਿੱਛੇ ਛੋਟਾ ਹਾਥੀ ਬਨੂੜ ਵੱਲ ਆ ਰਹੇ ਸਨ ਕਿ ਅਚਾਨਕ ਕਾਰ ਚਾਲਕ ਦਾ ਸੰਤੁਲਨ ਵਿਗੜਨ ਕਾਰਨ ਅੱਗੋਂ ਆਏ ਛੋਟੇ ਹਾਥੀ ਨਾਲ ਸਿੱਧੀ ਜਾ ਵੱਜੀ ਤੇ ਕਾਰ ਪਿੱਛੇ ਆ ਰਿਹਾ ਛੋਟਾ ਹਾਥੀ ਵੀ ਕਾਰ ਵਿੱਚ ਜਾ ਵੱਜਾ, ਜਿਸ ਕਾਰਨ ਛੋਟੇ ਹਾਥੀ ਦੇ ਚਾਲਕ ਵੀਰ ਸਿੰਘ (35 ਸਾਲ) ਮੁਹਾਲੀ ਦੀ ਮੌਕੇ ਉੱਤੇ ਮੌਤ ਹੋ ਗਈ। ਅੱਗੋਂ ਆ ਰਿਹਾ ਛੋਟਾ ਹਾਥੀ ਪਾਣੀ ਨਾਲ ਭਰੇ ਖਦਾਨਾਂ ਵਿੱਚ ਜਾ ਡਿੱਗਾ ਤੇ ਉਸ ਦਾ ਚਾਲਕ ਰੋਹਿਤ ਕੁਮਾਰ ਤੇ ਇੱਕ ਹੋਰ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਏ। ਕਾਰ ਸਵਾਰ ਫ਼ਰਾਰ ਹੋ ਗਏ। ਮੌਕੇ ਉੱਤੇ ਪੁੱਜੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਕਾਰ ਤੋਂ ਐਨ ਐਸ ਐਸ ਦੀ ਵਰਦੀ ਮਿਲੀ ਹੈ, ਜਿਸ ਤੋਂ ਫ਼ਰਾਰ ਹੋਏ ਕੋਈ ਵਲੰਟੀਅਰ ਜਾਪਦੇ ਹਨ। ਉਨ੍ਹਾਂ ਉੱਤੇ ਕੇਸ ਦਰਜ ਕਰਕੇ ਕਾਰਵਾਈ ਅਰੰਭ ਦਿੱਤੀ ਹੈ।




### ਕੰਮ-ਧੰਦਾ ਨਾ ਮਿਲਣ ਤੋਂ ਪ੍ਰੇਸ਼ਾਨ ਵਿਅਕਤੀ ਵੱਲੋਂ ਖ਼ੁਦਕੁਸ਼ੀ

ਚੁਗਿੱਟੀ, 2 ਅਗਸਤ (ਪੋਸਟ ਬਿਊਰੋ)- ਥਾਣਾ ਰਾਮਾਮੰਡੀ ਦੀ ਗੁਰੂ ਗੋਬਿੰਦ ਸਿੰਘ ਐਵੇਨਿਊ ਵਿਖੇ ਕੰਮ-ਧੰਦਾ ਨਾ ਹੋਣ ਤੋਂ ਪ੍ਰੇਸ਼ਾਨ ਇੱਕ ਵਿਅਕਤੀ ਨੇ ਘਰ ਵਿੱਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ।

ਇਸ ਮਾਮਲੇ ਦੇ ਜਾਂਚ ਅਧਿਕਾਰੀ ਏ ਐਸ ਆਈ ਬਲਵਿੰਦਰ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਦੀਪਕ ਕੁਮਾਰ (32) ਪੁੱਤਰ ਕ੍ਰਿਸ਼ਨ ਕੁਮਾਰ ਵਾਸੀ ਗੁਰੂ ਗੋਬਿੰਦ ਸਿੰਘ ਐਵੇਨਿਊ ਜਲੰਧਰ ਵਜੋਂ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਮ੍ਰਿਤਕ ਦੇ ਬਾਪ ਤੇ ਪਤਨੀ ਕਲਪਨਾ ਨੇ ਪੁਲਸ ਨੂੰ ਦੱਸਿਆ ਕਿ ਮ੍ਰਿਤਕ ਕੰਮ-ਧੰਦਾ ਨਾ ਹੋਣ ਕਾਰਨ ਪ੍ਰੇਸ਼ਾਨ ਸੀ, ਜਿਸ ਦੇ ਚੱਲਦਿਆਂ ਉਸ ਨੇ ਸ਼ਾਇਦ ਇਹ ਕਦਮ ਚੁੱਕਿਆ ਹੋਵੇ। ਮ੍ਰਿਤਕ ਦੀ ਪਤਨੀ ਮੁਤਾਬਿਕ ਕੱਲ੍ਹ ਸਵੇਰੇ ਜਦੋਂ ਉਹ ਕਾਫ਼ੀ ਦੇਰ ਤੱਕ ਨਹੀਂ ਉਠਿਆ ਤਾਂ ਉਨ੍ਹਾਂ ਨੇ ਕਮਰੇ ਦੀ ਕੁੰਡੀ ਤੋੜ ਕੇ ਦਰਵਾਜ਼ਾਂ ਖੋਲ੍ਹ ਕੇ ਅੰਦਰ ਵੇਖਿਆ ਤਾਂ ਉਸ ਦੀ ਲਾਸ਼ ਕਮਰੇਪੱਖੇ ਨਾਲ ਲਟਕ ਰਹੀ ਸੀ। ਉਨ੍ਹਾਂ ਆਖਿਆ ਕਿ ਉਕਤ ਵੱਲੋਂ ਪੱਖੇ ਨਾਲ ਚੁੰਨੀ ਬੰਨ੍ਹ ਕੇ ਫਾਹਾ ਲਾ ਲਿਆ ਸੀ।

## ਮਜ਼ਦੂਰ ਨੂੰ ਟਰੈਕਟਰ ਨਾਲ ਬੰਨ੍ਹ ਕੇ ਕੁੱਟਣ ਵਾਲਾ ਮੁਨੀਮ ਅਤੇ ਵਕੀਲ ਗ੍ਰਿਫਤਾਰ

ਮੁਕਤਸਰ, 2 ਅਗਸਤ (ਪੋਸਟ ਬਿਊਰੋ)- ਭੱਠਾ ਮਜ਼ਦੂਰ ਦੀ ਮਾਰਕੁੱਟ ਦੇ ਦੋਸ਼ ਵਿੱਚ ਪੁਲਸ ਨੇ ਦੋ ਜਣਿਆਂ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਜਗਮੀਤ ਸਿੰਘ ਉਰਫ ਨਿੱਕਾ ਨੇ ਪੁਲਸ ਨੂੰ ਇਹ ਸ਼ਿਕਾਇਤ ਦਿੱਤੀ ਕਿ ਉਹ ਗਰੋਵਰ ਭੱਠਾ ਬੱਲਮਗੜ੍ਹ ਰੋਡ ਪਿੰਡ ਬਧਾਈ ਵਿੱਚ ਰਾਜੇਸ਼ ਗਰੋਵਰ ਦੇ ਭੱਠੇ ਉੱਤੇ ਟਰੈਕਟਰ ਟਰਾਲੀ ਉੱਤੇ ਕੱਚੀਆਂ ਇੱਟਾਂ ਦੀ ਲੋਡਿੰਗ ਕਰਦਾ ਹੈ। ਕਰੀਬ ਅੱਠ-ਨੌਂ ਮਹੀਨੇ ਕੰਮ ਕੀਤਾ ਅਤੇ ਮਾਲਕ ਤੋਂ 1,80,000 ਰੁਪਏ ਲੈਣੇ ਸਨ, ਪਰ 30,000 ਰੁਪਏ ਦਿੱਤੇ। ਇੱਕ ਮਹੀਨੇ ਬਾਅਦ ਬਾਕੀ ਪੈਸੇ ਦੇਣ ਲਈ ਕਿਹਾ ਤਾਂ ਗਰੋਵਰ ਨੇ ਕਿਹਾ ਕਿ ਪੈਸੇ ਮੁਨੀਮ ਸੁਖਚੈਨ ਸਿੰਘ ਅਤੇ ਵਕੀਲ ਸਿੰਘ ਤੋਂ ਲੈ ਜਾਣਾ। ਦੋਵੇਂ ਜਣੇਲਾਰੇ ਲਾਉਂਦੇ ਰਹੇ ਅਤੇ ਪੈਸੇ ਨਹੀਂ ਦਿੱਤੇ। ਕਰੀਬ 20 ਦਿਨ ਪਹਿਲਾਂ ਟਰੈਕਟਰ ਨਾਲ ਬੰਨ੍ਹ ਕੇ ਮੈਨੂੰ ਕੁੱਟਿਆ ਅਤੇ ਸੁਖਚੈਨ ਸਿੰਘ ਅਤੇ ਵਕੀਲ ਸਿੰਘ ਨੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉੱਤੇ ਅਪਲੋਡ ਕਰ ਦਿੱਤੀ। ਪੁਲਸ ਨੇ ਸੁਖਚੈਨ ਸਿੰਘ ਅਤੇ ਵਕੀਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਨੈਸ਼ਨਲ ਸ਼ਡਿਊਲਡ ਕਾਸਟ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਨੇ ਟਵੀਟ ਕਰ ਕੇ ਪੰਜਾਬ ਪੁਲਸ ਨੂੰ ਕਾਰਵਾਈ ਕਰਨ ਲਈ ਕਿਹਾ ਹੈ।

Steinmetz & Associates

PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

ਸੰਪਰਕ: 416-816-1695

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਨੈਨੀ ਦੀ ਲੋੜ

ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।

ਸੰਪਰਕ ਕਰੋ:
416556
6884

ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਸੰਪਰਕ: 647-205-5909,
416-618-3358

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ

# ਸੰਤ ਬਲਜੀਤ ਸਿੰਘ ਦਾਦੂਵਾਲ ਦਾ ਪਿੰਡ ਵਾਲਿਆਂ ਵੱਲੋਂ ਲਿਖਤੀ ਮਤਾ ਪਾ ਕੇ ਬਾਈਕਾਟ

### * ਸਾਂਪਲਾ ਦਾ ਵਿਰੋਧ ਕਰਨ ਵਾਲੇ 21 ਕਿਸਾਨਾਂ ਉੱਤੇ ਕੇਸ ਦਰਜ

ਸਿਰਸਾ, 2 ਅਗਸਤ (ਪੋਸਟ ਬਿਊਰੋ)- ਕਾਲਾਂਵਾਲੀ ਬਲਾਕ ਦੇ ਪਿੰਡ ਦਾਦੂ ਦੇ ਲੋਕਾਂ ਨੇ ਪੰਚਾਇਤ ਵਿੱਚ ਲਿਖਤੀ ਮਤਾ ਪਾ ਕੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਤ ਬਲਜੀਤ ਸਿੰਘ ਦਾਦੂਵਾਲ ਦਾ ਬਾਈਕਾਟ ਕਰ ਦਿੱਤਾ ਹੈ।ਪਿੰਡ ਵਾਲਿਆਂ ਨੇਕਿਹਾ ਹੈ ਕਿ ਜੋ ਕੋਈ ਦਾਦੂਵਾਲ ਕੋਲ ਗਿਆ, ਉਸਦਾ ਵੀ ਬਾਈਕਾਟ ਕਰਾਂਗੇ।



ਕੱਲ੍ਹ ਦਾਦੂ ਪਿੰਡ ਵਿੱਚ ਹੋਈ ਪੰਚਾਇਤ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਕਿਸਾਨ ਮੌਜੂਦ ਸਨ। ਇਸ ਮੌਕੇ ਪੰਚਾਇਤ ਵਿੱਚ ਸ਼ਾਮਲ ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਦਾਦੂਵਾਲ ਭਾਜਪਾ ਲੀਡਰਾਂ ਨੂੰ ਪਿੰਡ ਵਿੱਚ ਬੁਲਾ ਕੇ ਪਿੰਡ ਦਾ ਮਾਹੌਲ ਖ਼ਰਾਬ ਕਰਨਾ ਚਾਹੁੰਦਾ ਹੈ। ਜੇ ਪਿੰਡ ਵਿੱਚ ਕੋਈ ਅਨਹੋਣੀ ਘਟਨਾ ਹੋ ਗਈ ਤਾਂ ਉਸ ਦਾ ਜ਼ਿੰਮੇਵਾਰ ਦਾਦੂਵਾਲ ਹੋਵੇਗਾ। ਉਨ੍ਹਾਂ ਕਿਹਾ ਕਿ ਜਦੋਂ ਸਾਰੇ ਕਿਸਾਨਾਂ ਨੇ ਭਾਜਪਾ ਦਾ ਬਾਈਕਾਟ ਕੀਤਾ ਹੋਇਆ ਤਾਂ ਦਾਦੂਵਾਲ ਪਿੰਡ ਵਿੱਚਉਨ੍ਹਾ ਨੂੰ ਕਿਉਂ ਸੱਦਦਾ ਹੈ। ਕਿਸਾਨ ਨੇਤਾ ਗੁਰਦਾਸ ਸਿੰਘ ਨੇ ਕਿਹਾ ਕਿ ਬੀਤੇ ਦਿਨੀਂ ਦਾਦੂਵਾਲ ਨੇ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨਾਲ ਮੁਲਾਕਾਤ ਕਰ ਕੇ ਕਿਸਾਨਾਂ ਨੂੰ ਵੇਚਣ ਦੀ ਕੋਸ਼ਿਸ਼ ਕੀਤੀ ਸੀ।

ਦੂਜੇ ਪਾਸੇ ਸੰਤ ਬਲਜੀਤ ਸਿੰਘ ਦਾਦੂਵਾਲ ਦਾ ਕਹਿਣਾ ਹੈ ਕਿ ਇਹ ਲੋਕ ਅੱਜ ਤੋਂ ਨਹੀਂ, ਸ਼ੁਰੂ ਤੋਂ ਮੇਰਾ ਵਿਰੋਧ ਕਰਦੇ ਆਏ ਹਨ। ਪਿੰਡ ਵਿੱਚ ਦੋ ਗੁਰਦੁਆਰਾ ਸਾਹਿਬ ਹਨ, ਇਹ ਵਿਰੋਧੀ ਧਿਰ ਦੇ ਲੋਕ ਹਨ। ਦਾਦੂਵਾਲ ਨੇ ਕਿਹਾ ਕਿ ਮੈਂ ਨਸ਼ਿਆਂ ਦਾ ਵਿਰੋਧੀ ਹਾਂ, ਇਹ ਗੱਲ ਇਨ੍ਹਾਂ ਲੋਕਾਂ ਨੂੰ ਪੰਸਦ ਨਹੀਂ ਅਤੇ ਇਹ ਲੋਕ ਬਾਦਲਾਂ ਦੇ ਸਮਰਥਕ ਹਨ। ਬਾਦਲਾਂ ਦਾ ਜ਼ਿਲ੍ਹਾ ਪ੍ਰਧਾਨ ਨੇ ਇਹ ਕੰਮ ਕਰਾਇਆ ਹੈ। ਅੱਜ ਤੋਂ ਕਈ ਸਾਲ ਪਹਿਲਾਂ ਵੀ ਅਜਿਹੀ ਗੱਲ ਕੀਤੀ ਗਈ ਸੀ ਪਰ ਇਨ੍ਹਾਂ ਗੱਲਾਂ ਦਾ ਮੈਨੂੰ ਕੋਈ ਫਰਕ ਨਹੀਂ ਪਿਆ। ਵਰਨਣ ਯੋਗ ਹੈ ਕਿ ਕੱਲ੍ਹ ਸ਼ਡਿਊਲਡ ਕਾਸਟ ਕਮੀਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਸਿਰਸਾ ਆਏ ਸਨ। ਉਨ੍ਹਾਂ ਨੇ ਦਾਦੂ ਪਿੰਡ ਗੁਰਦੁਆਰਾ ਸਾਹਿਬ ਮੱਥਾ ਟੇਕਣ ਜਾਣਾ ਸੀ ਅਤੇ ਸੰਤ ਬਲਜੀਤ ਸਿੰਘ ਦਾਦੂਵਾਲ ਨਾਲ ਮੁਲਾਕਾਤ ਕਰਨੀ ਸੀ। ਜਦ ਕਿਸਾਨਾਂ ਨੂੰ ਇਸਦੀ ਸੂਚਨਾ ਮਿਲੀ ਤਾਂ ਉਹ ਵਿਰੋਧ ਵਿੱਚ ਇਕੱਠੇ ਹੋ ਗਏ, ਜਿਸ ਕਾਰਨ ਵਿਜੇ ਸਾਂਪਲਾ ਦਾਦੂ ਪਿੰਡ ਨਹੀਂ ਗਏ ਤੇ ਸਿਰਸਾ ਦੇ ਇੱਕ ਨਿੱਜੀ ਰਿਜ਼ੋਰਟ ਵਿੱਚ ਰੁਕਣ ਪਿੱਛੋਂ ਮੁੜ ਗਏ।

ਇਸ ਦੌਰਾਨ ਵਿਜੇ ਸਾਂਪਲਾ ਵੱਲੋਂ ਵਿਰੋਧ ਕਰਦੇ ਕਿਸਾਨਾਂ ਦੇ ਖ਼ਿਲਾਫ਼ਕਾਲਾਂਵਾਲੀ ਥਾਣੇ ਵਿੱਚ ਸ਼ਿਕਾਇਤ ਦਿੱਤੀ ਗਈ, ਜਿਸ ਦੇ ਆਧਾਰ ਉੱਤੇ ਕਾਲਾਂਵਾਲੀ ਪੁਲਸ ਨੇ 21 ਕਿਸਾਨਾਂ ਨੂੰ ਨਾਮਜ਼ਦ ਕੀਤਾ ਅਤੇ 500 ਤੋਂ ਵਧੇਰੇ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਨ੍ਹਾਂ ਕੇਸਾਂਵਿਰੁੱਧ ਕਿਸਾਨ ਨੇਤਾ ਗੁਰਦਾਸ ਸਿੰਘ ਦੀ ਅਗਵਾਈ ਵਿੱਚ ਕਿਸਾਨ ਵਫਦ ਕਾਲਾਂਵਾਲੀ ਥਾਣਾ ਇੰਚਾਰਜ ਰਾਜਾ ਰਾਮ ਨੂੰ ਵੀ ਮਿਲਿਆ। ਕਿਸਾਨਾਂ ਨੇ ਇਹ ਸਾਰੇ ਕੇਸ ਰੱਦ ਕਰਨ ਦੀ ਮੰਗ ਰੱਖੀ ਹੈ।

# ਚਾਰ ਵਾਰ ਰੇਕੀ ਕੀਤੀ, ਫਿਰ ਖਾਤਾ ਖੁੱਲ੍ਹਵਾਉਣ ਦੇ ਬਹਾਨੇ ਬੈਂਕ ਲੁੱਟ ਲਿਆ

ਪਲਵਲ, 2 ਅਗਸਤ (ਪੋਸਟ ਬਿਊਰੋ)- ਕਰੀਬ 16 ਦਿਨ ਪਹਿਲਾਂ ਐਕਸਿਸ ਬੈਂਕ ਵਿੱਚ 95 ਲੱਖ ਰੁਪਏ ਦੀ ਲੁੱਟ ਵਿੱਚ ਗ੍ਰਿਫਤਾਰ ਦੋਸ਼ੀਆਂ ਨੇ ਪੁੱਛਗਿੱਛ ਵਿੱਚ ਦੱਸਿਆ ਕਿ ਇਸ ਵਾਰਦਾਤ ਨੂੰ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਅਲਵਰ, ਭਿਵਾੜੀ ਤੇ ਪਲਵਲ ਵਿੱਚ ਬੈਂਕਾਂ ਦੀ ਰੇਕੀ ਕੀਤੀ ਸੀ। ਇਸ ਦੌਰਾਨ ਪਲਵਲ ਦੇ ਐਕਸਿਸ ਬੈਂਕ ਵਿੱਚ ਉਨ੍ਹਾਂ ਨੂੰ ਲੁੱਟ ਕਰਨੀ ਕਾਫੀ ਆਸਾਨ ਲੱਗੀ। ਇਸ ਦੇ ਬਾਅਦ ਉਨ੍ਹਾਂ ਨੇ 2 ਤੋਂ 14 ਜੁਲਾਈ ਦਰਮਿਆਨ ਤਿੰਨ-ਚਾਰ ਵਾਰ ਰੇਕੀ ਕੀਤੀ।

**95 ਲੱਖ ਦੀ ਲੁੱਟ ਦਾ ਖੁਲਾਸਾ**

ਪਤਾ ਲੱਗਾ ਹੈ ਕਿ ਇਸ ਦੌਰਾਨ ਉਨ੍ਹਾਂ ਨੇ ਬੈਂਕ ਮੈਨੇਜਰ ਨਾਲ ਗੱਲ ਕਰ ਕੇ ਖਾਤਾ ਖੁੱਲ੍ਹਵਾਉਣ ਦੇ ਬਹਾਨੇ ਉਨ੍ਹਾਂ ਨੇ ਬੈਂਕ ਦੇ ਅੰਦਰ ਦਾ ਪੂਰਾ ਮਾਹੌਲ ਦੇਖਿਆ। ਇਸ ਪਿੱਛੋਂ ਉਨ੍ਹਾਂ ਨੇ ਬਿਹਾਰ ਤੋਂ ਬਾਕੀ ਸਾਥੀਬੁਲਾ ਕੇ 14 ਜੁਲਾਈ ਨੂੰ ਦਿਨ ਦਿਹਾੜੇ ਬੈਂਕ ਵਿੱਚ ਹਥਿਆਰਾਂ ਦੀ ਨੋਕ ਉੱਤੇ 95 ਲੱਖ ਦੀ ਲੁੱਟ ਕੀਤੀ। ਇਸ ਪਿੱਛੋਂ ਪਲਵਲ ਵਿੱਚ ਹੀ ਤੀਹ ਜੁਲਾਈ ਨੂੰ ਫਿਰ ਵਾਰਦਾਤ ਕਰਨ ਵਾਲੇ ਸਨ ਤਾਂ ਇਸ ਦੀ ਭਣਕ ਪੁਲਸ ਨੂੰ ਲੱਗ ਗਈ ਤੇ ਉਸ ਨੇ ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਦੇ ਨਾਂਅ ਸੂਰਜ ਕੁਮਾਰ ਉਰਫ ਸੰਨੀ, ਮਨੀਸ਼ ਉਰਫ ਨਨਕੀ, ਮਹੇਸ਼ ਕੁਮਾਰ ਉਰਫ ਰੌਣਕ, ਸੌਰਭ ਕੁਮਾਰ ਅਤੇ ਇੰਦਰਜੀਤ ਕੁਮਾਰ ਉਰਫ ਕੁੰਦਨ ਹਨ। ਸਾਰੇ ਦੋਸ਼ੀ ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦੇ ਵਾਸੀ ਹਨ। ਪੁਲਸ ਪੁੱਛਗਿੱਛ ਵਿੱਚ ਲੁੱਟ-ਖੋਹ ਦੇ ਦੋਸ਼ੀ ਮਨੀਸ਼ ਉਰਫ ਨਨਕੀ ਨੇ ਦੱਸਿਆ ਕਿ ਸਾਰੇ ਦੋਸ਼ੀ ਨੋਇਡਾ, ਦਿੱਲੀ ਅਤੇ ਗੁੜਗਾਓਂ ਵਿੱਚ ਸਥਾਨ ਬਦਲ-ਬਦਲ ਕੇ ਰਹਿੰਦੇ ਸਨ ਅਤੇ ਉਥੇ ਆਸ-ਪਾਸ ਦੇ ਛੋਟੇ ਸ਼ਹਿਰਾਂ ਵਿੱਚ ਲੁੱਟ ਦੇ ਲਈ ਰੇਕੀ ਕਰਦੇ ਸਨ। ਰੇਕੀ ਦੇ ਬਾਅਦ ਲੁੱਟ ਦੀ ਵਾਰਦਾਤ ਲਈ ਬਿਹਾਰ ਤੋਂ ਲੜਕਿਆਂ ਨੂੰ ਬੁਲਾਉਂਦੇ ਸਨ।



# ਕਾਲਾ ਜਠੇੜੀ ਦੇ ਨਾਲ ਗੈਂਗਸਟਰ ਅਨੁਰਾਧਾ ਵੀ ਗ੍ਰਿਫਤਾਰ



ਨਵੀਂ ਦਿੱਲੀ, 2 ਅਗਸਤ (ਪੋਸਟ ਬਿਊਰੋ)- ਸੱਤ ਲੱਖ ਰੁਪਏ ਦੇ ਇਨਾਮੀ ਬਦਮਾਸ਼ ਸੰਦੀਪ ਉਰਫ ਕਾਲਾ ਜਠੇੜੀ ਨਾਲ ਪੁਲਸ ਨੇ ਉਸ ਦੀ ਗਰਲਫ੍ਰੈਂਡ ਤੇ ਗੈਂਗਸਟਰ ਅਨੁਰਾਧਾ ਚੌਧਰੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਠੇੜੀ ਦੀ ਗ੍ਰਿਫਤਾਰੀ ਦੇ ਸਮੇਂ ਅਨੁਰਾਧਾ ਸਹਾਰਨਪੁਰ ਵਿੱਚ ਉਸ ਦੇ ਨਾਲ ਸੀ। ਨੌਂ ਮਹੀਨੇ ਤੋਂ ਉਹ ਜਠੇੜੀ ਦੇ ਨਾਲ ਲਿਵ ਇਨ ਵਿੱਚ ਰਹਿ ਰਹੀ ਸੀ। ਉਸ ਦੇ ਕਈ ਗੈਂਗਸਟਰਾਂ ਨਾਲ ਵੀ ਸੰਬੰਧ ਰਹੇ ਹਨ।

ਪੁਲਸ ਮੁਤਾਬਕ ਪਤੀ ਨੂੰ ਛੱਡਣ ਪਿੱਛੋਂ ਅਨੁਰਾਧਾ ਰਾਜਸਥਾਨ ਦੇ ਗੈਂਗਸਟਰ ਆਨੰਦਪਾਲ ਸਿੰਘ ਦੀ ਗਰਲਫ੍ਰੈਂਡ ਬਣੀ ਸੀ। ਪੰਜ ਸਾਲ ਪਹਿਲਾਂ ਰਾਜਸਥਾਨ ਪੁਲਸ ਨੇ ਆਨੰਦਪਾਲ ਨੂੰ ਮੁਕਾਬਲੇ ਵਿੱਚ ਮਾਰ ਕੇ ਅਨੁਰਾਧਾ ਨੂੰ ਗ੍ਰਿਫਤਾਰ ਕਰ ਲਿਆ ਸੀ। ਉਹ ਪੁਲਸ ਹਿਰਾਸਤ ਵਿੱਚੋਂ ਭੱਜ ਗਈ ਅਤੇ ਗਿਰੋਹ ਦੀ ਅਗਵਾਈ ਕਰਨ ਲੱਗੀ। ਆਨੰਦਪਾਲ ਦੇ ਬਾਅਦ ਅਨੁਰਾਧਾ ਵਿਰੋਧੀ ਗਿਰੋਹ ਰਾਜੂ ਬਸੌਦੀ ਦੇ ਨਿਸ਼ਾਨੇ ਉੱਤੇ ਆ ਗਈ ਤਾਂਖੁਦ ਨੂੰ ਮਜ਼ਬੂਤ ਬਣਾਉਣ ਦੇ ਲਈ ਉਸ ਨੇ ਬਲਬੀਰ ਬਨੂੜਾ ਦਾ ਸਾਥ ਫੜਿਆ। ਬਲਬੀਰ ਦੇ ਫੜੇ ਜਾਣ ਉੱਤੇ ਉਹ ਲਾਰੈਂਸ ਬਿਸ਼ਨੋਈ ਦੇ ਸੰਪਰਕ ਵਿੱਚ ਆ ਗਈ, ਜਿੱਥੇ ਉਸ ਨੂੰ ਕਾਲਾ ਜਠੇੜੀ ਦਾ ਸਾਥ ਮਿਲਿਆ। ਅਨੁਰਾਧਾ ਦੇ ਇਸ਼ਾਰੇ ਉੱਤੇ ਜਠੇੜੀ ਰਾਜਸਥਾਨ ਵਿੱਚ ਰੰਗਦਾਰੀ ਅਤੇ ਕਤਲ ਵਰਗੀਆਂ ਸੰਗੀਨ ਵਾਰਦਾਤਾਂ ਕਰਦਾ ਸੀ। ਜਠੇੜੀ ਦੇ ਨਿਸ਼ਾਨੇ ਉੱਤੇ ਸਾਗਰ ਧਨਖੜ ਹੱਤਿਆਕਾਂਡ ਵਿੱਚ ਸ਼ਾਮਲ ਸੁਸ਼ੀਲ ਪਹਿਲਵਾਨ ਤੇ ਨੀਰਜ ਬਵਾਨੀਆ ਗੈਂਗ ਦੇ ਸ਼ੂਟਰ ਸਨ, ਕਾਲਾ ਜਠੇੜੀ ਨੂੰ ਐਸ ਟੀ ਐਫ ਸੋਨੀਪਤ ਵੀ ਪ੍ਰੋਡਕਸ਼ਨ ਵਾਰੰਟ ਉੱਤੇ ਲਿਆ ਕੇ ਪੁੱਛਗਿੱਛ ਕਰੇਗੀ।

### ਸ਼ਿਵ ਸੈਨਾ ਦੀ ਟਿੱਪਣੀ ਉੱਤੇ ਉਧਵ ਭੜਕਿਆ :

# ਅਸੀਂ ਮੁੜ ਕੇ ਏਡਾ ਥੱਪੜ ਮਾਰਾਂਗੇ ਕਿ ਅਗਲਾ ਪੈਰਾਂ ਉੱਤੇ ਖੜ੍ਹਾ ਨਹੀਂ ਰਹਿ ਪਾਵੇਗਾ

ਮੁੰਬਈ, 2 ਅਗਸਤ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਨੇ ਭਾਜਪਾ ਉੱਤੇ ਸਿੱਧਾ ਹਮਲਾ ਕਰਦੇ ਹੋਏ ਕਿਹਾ ਕਿ ਧਮਕਾਉਣ ਵਾਲੀ ਭਾਸ਼ਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਹ ਬੋਲਣ ਵਾਲਿਆਂ ਨੂੰ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਨੇ ਭਾਜਪਾ ਵਿਧਾਇਕ ਪ੍ਰਸਾਦ ਲਾਡ ਦੀ ਟਿੱਪਣੀ ਉਤੇ ਇਹ ਬਿਆਨ ਦਿੱਤਾ ਹੈ, ਜਿਸ ਵਿੱਚ ਲਾਡ ਨੇ ਕਿਹਾ ਸੀ ਕਿ ਜੇ ਜ਼ਰੂਰੀ ਹੋਇਆ ਤਾਂ ਮੱਧ ਮੁੰਬਈ ਵਿੱਚ ਠਾਕਰੇ ਦੀ ਅਗਵਾਈ ਵਾਲੀ ਪਾਰਟੀ ਦੇ ਦਫ਼ਤਰ ਸ਼ਿਵਸੈਨਾ ਭਵਨ ਨੂੰ ਡੇਗ ਦਿੱਤਾ ਜਾਵੇਗਾ। ਬਾਅਦ ਵਿੱਚ ਉਨ੍ਹਾਂ ਨੇ ਟਿੱਪਣੀ ਵਾਪਸ ਲੈ ਲਈ ਅਤੇ ਅਫਸੋਸ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਮੀਡੀਆ ਨੇ ਉਨ੍ਹਾਂ ਦੀ ਗੱਲ ਨੂੰ ਠੀਕ ਪੇਸ਼ ਕੀਤਾ ਸੀ।

ਇਥੇ ਬੀ ਡੀ ਡੀ ਚਾਲ ਪੁਨਰ ਵਿਕਾਸ ਪ੍ਰਾਜੈਕਟ ਦੇ ਉਦਘਾਟਨ ਮੌਕੇ ਸੰਬੋਧਨ ਕਰਦੇ ਹੋਏ ਠਾਕਰੇ ਨੇ ਆਪਣੀ 3-ਪਾਰਟੀਆਂ ਵਾਲੀ ਮਹਾਵਿਕਾਸ ਆਘਾੜੀ (ਐਮ ਵੀ ਏ) ਸਰਕਾਰ ਨੂੰ ਟ੍ਰਿਪਲ ਸੀਟ ਦੀ ਸਰਕਾਰ ਦਸਿਆ। ਹਿੰਦੀ ਫ਼ਿਲਮ 'ਦਬੰਗ' ਦੇ ਇੱਕ ਡਾਇਲਾਗ ਨੂੰ ਦੋਹਰਾਉਂਦੇ ਹੋਏ ਉਨ੍ਹਾਂ ਕਿਹਾ ਕਿ 'ਥੱਪੜ ਤੋਂ ਡਰ ਨਹੀਂ ਲੱਗਦਾ' ਅਤੇ ਕਿਸੇ ਨੂੰ ਥੱਪੜ ਮਾਰਨ ਦੀ ਭਾਸ਼ਾ ਨਹੀਂ ਬੋਲਣੀ ਚਾਹੀਦੀ, ਕਿਉਂਕਿ ਅਸੀਂ ਮੁੜ ਕੇ ਏਨੇ ਜ਼ੋਰ ਦਾ ਥੱਪੜ ਮਾਰਾਂਗੇ ਕਿ ਅਗਲਾ ਆਪਣੇ ਪੈਰਾਂ ਉੱਤੇ ਖੜ੍ਹਾ ਨਹੀਂ ਰਹਿ ਸਕੇਗਾ।ਉਨ੍ਹਾਂ ਨੇ ਚਾਲ ਪੁਨਰ ਵਿਕਾਸ ਪਰਿਯੋਜਨਾ ਦੇ ਲਾਭ ਪਾਤਰਾਂ ਤੋਂ ਯੋਜਨਾ ਪੂਰੀ ਹੋਣ ਪਿੱਛੋਂ ਲਾਲਚ ਵਿੱਚ ਨਾ ਪੈਣ ਨੂੰ ਕਿਹਾ। ਠਾਕਰੇ ਨੇ ਕਿਹਾ ਕਿ ਪੁਨਰਵਿਕਾਸ ਦੇ ਕੰਮਾਂ ਵਿੱਚ ਮਰਾਠੀ ਸਭਿਆਚਾਰ ਨੂੰ ਕਿਸੇ ਵੀ ਕੀਮਤ ਉੱਤੇ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਚਾਲਾਂ ਦੀ ਇਤਿਹਾਸਿਕ ਵਿਰਾਸਤ ਹੈ ਜਿੱਥੇ ਕ੍ਰਾਂਤੀਕਾਰੀਆਂ ਨੇ ਆਪਣਾ ਜੀਵਨ ਬਿਤਾਇਆ ਹੈ ਅਤੇ ਇਹ ਸਾਂਝੇ ਮਹਾਰਾਸ਼ਟਰ ਅੰਦੋਲਨ ਦੇ ਗਵਾਹ ਵੀ ਹੈ।

# ਭਾਰਤ ਨੇ ਯੂ ਐਨ ਸੁਰੱਖਿਆ ਕੌਂਸਲ ਦੀ ਪ੍ਰਧਾਨਗੀ ਸੰਭਾਲੀ

ਨਿਊਯਾਰਕ, 2 ਅਗਸਤ (ਪੋਸਟ ਬਿਊਰੋ)- ਭਾਰਤ ਨੇ ਕੱਲ੍ਹ ਯੂ ਐਨ ਰਾਸ਼ਟਰ ਸਕਿਓਰਟੀ ਕੌਂਸਲ ਦੀ ਪ੍ਰਧਾਨਗੀ ਦਾ ਜ਼ਿੰਮਾ ਸੰਭਾਲ ਲਿਆ ਅਤੇ ਉਹ ਇਸੇ ਮਹੀਨੇ ਦੌਰਾਨ ਸਮੁੰਦਰੀ ਸੁਰੱਖਿਆ, ਸ਼ਾਂਤੀ ਸਥਾਪਨਾ ਅਤੇ ਅੱਤਵਾਦ ਦੇ ਮੁਕਾਬਲੇ ਨਾਲ ਸਬੰਧਿਤ ਸਮਝੌਤਿਆਂ ਉੱਤੇ ਦਸਤਖਤ ਕਰਨ ਲਈ ਸਮਾਰੋਹਾਂ ਦੀ ਅਗਵਾਈ ਕਰੇਗਾ।



ਇਸ ਮੌਕੇ ਯੂ ਐਨ ਵਿੱਚ ਭਾਰਤ ਦੇ ਰਾਜਦੂਤ ਟੀ ਐਸ ਤਿਰੂਮੂਰਤੀ ਨੇ ਫਰਾਂਸ ਦਾ ਉਸ ਵੱਲੋਂ ਕੀਤੇ ਸਮਰਥਨ ਦੇ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਅਤੇ ਫਰਾਂਸ ਦੇ ਇਤਿਹਾਸਕ ਅਤੇ ਮਜ਼ਬੂਤ ਸੰਬੰਧ ਹਨ। ਤਿਰੂਮੂਰਤੀ ਨੇ ਕਿਹਾ ਕਿ ਭਾਰਤ ਆਪਣੀ ਪ੍ਰਧਾਨਗੀ ਹੇਠ ਤਿੰਨ ਉਚ ਪੱਧਰੀ ਮੀਟਿੰਗਾਂ ਕਰਨ ਵਾਲਾ ਹੈ, ਜਿਸ ਵਿੱਚ ਸਮੁੰਦਰੀ ਸੁਰੱਖਿਆ, ਸ਼ਾਂਤੀ ਸਥਾਪਨਾ ਤੇ ਅੱਤਵਾਦ ਦਾ ਮੁਕਾਬਲਾ ਵਰਗੇ ਅਹਿਮ ਮੁੱਦਿਆਂਦੀ ਚਰਚਾ ਹੋਵੇਗੀ ਅਤੇ ਭਾਰਤ ਸ਼ਾਂਤੀ ਸੈਨਿਕਾਂ ਦੀ ਯਾਦ ਵਿੱਚ ਵੀ ਪ੍ਰੋਗਰਾਮ ਕਰੇਗਾ। ਉਨ੍ਹਾਂ ਦੱਸਿਆ ਕਿ ਸੁਰੱਖਿਆ ਕੌਂਸਲ ਦੇ ਏਜੰਡੇ ਵਿੱਚ ਸੀਰੀਆ, ਇਰਾਕ, ਸੋਮਾਲੀਆ, ਯਮਨ ਅਤੇ ਮੱਧ ਪੂਰਬ ਦੇ ਮੁੱਦਿਆਂ ਉੱਤੇ ਹੋਣ ਵਾਲੀਆਂ ਕਈਆਂ ਅਹਿਮ ਬੈਠਕਾਂ ਸ਼ਾਮਲ ਹਨ। ਸੁਰੱਖਿਆ ਕੌਂਸਲ ਵਿੱਚ ਸੋਮਾਲੀਆ, ਮਾਲੀ ਤੇ ਲਿਬਨਾਨ ਵਿੱਚ ਯੂ ਐਨ ਦੀ ਅੰਤਰਿਮ ਫੋਰਸ ਉੱਤੇ ਵੀ ਮਤੇ ਪਾਸ ਹੋਣਗੇ। ਫਰਾਂਸ ਨੇ ਕਿਹਾ ਹੈ ਕਿ ਉਹ ਸਮੁੰਦਰੀ ਸੁਰੱਖਿਆ, ਸ਼ਾਂਤੀ ਸਥਾਪਨਾ ਅਤੇ ਅੱਤਵਾਦ ਦੇ ਮੁਕਾਬਲੇ ਵਰਗੇ ਰਣਨੀਤਕ ਮੁੱਦਿਆਂ ਉੱਤੇ ਭਾਰਤ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹੈ। ਫਰਾਂਸ ਦੇ ਭਾਰਤ ਵਿੱਚ ਰਾਜਦੂਤ ਇਮੈਨੂਏਲ ਲਿਨੇਨ ਨੇ ਟਵੀਟ ਕਰਕੇ ਕਿਹਾ ਕਿ ਉਨ੍ਹਾਂ ਨੂੰ ਖ਼ੁਸ਼ੀ ਹੈ ਕਿ ਭਾਰਤ ਯੂ ਐਨ ਰਾਸ਼ਟਰ ਸੁਰੱਖਿਆ ਕੌਂਸਲ ਦੀ ਫਰਾਂਸ ਤੋਂ ਪ੍ਰਧਾਨਗੀ ਸੰਭਾਲ ਰਿਹਾ ਹੈ।

ਯੂ ਐਨ ਸਕਿਓਰਟੀ ਕੌਂਸਲ ਦੇ ਅਸਥਾਈ ਮੈਂਬਰ ਵਜੋਂ 2021-22 ਦੇ ਕਾਰਜਕਾਲ ਦੌਰਾਨ ਸੁਰੱਖਿਆ ਕੌਂਸਲ ਵਿੱਚ ਇਹ ਭਾਰਤ ਵੱਲੋਂ ਕੀਤੀ ਜਾਣ ਵਾਲੀ ਪਹਿਲੀ ਪ੍ਰਧਾਨਗੀ ਹੈ। ਸੁਰੱਖਿਆ ਕੌਂਸਲ ਦੇ ਅਸਥਾਈ ਮੈਂਬਰ ਵਜੋਂ ਭਾਰਤ ਦਾ ਦੋ ਸਾਲਾ ਕਾਰਜਕਾਲ 1 ਜਨਵਰੀ 2021 ਨੂੰ ਸ਼ੁਰੂ ਹੋਇਆ ਸੀ।

# ਕੋਈ ਵੀ ਗੁਆਂਢੀ ਦੇਸ਼ ਅੱਜ ਭਾਰਤ ਦੀ ਇੱਜ਼ਤ ਨਹੀਂ ਕਰਦਾ: ਸਵਾਮੀ

ਨਵੀਂ ਦਿੱਲੀ, 2 ਅਗਸਤ (ਪੋਸਟ ਬਿਊਰੋ)- ਵੱਖ-ਵੱਖ ਮਸਲਿਆਂ ਉੱਤੇ ਆਪਣੀ ਹੀ ਸਰਕਾਰ ਨੂੰ ਘੇਰਨ ਵਾਲੇ ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਨੇ ਇੱਕ ਵਾਰ ਫਿਰ ਕੇਂਦਰ ਸਰਕਾਰ ਉੱਤੇ ਨਿਸ਼ਾਨਾ ਕੱਸਿਆ ਹੈ।

ਭਾਰਤ ਦੀ ਵਿਦੇਸ਼ੀ ਨੀਤੀ ਬਾਰੇ ਸੋਸ਼ਲ ਮੀਡੀਆ ਉੱਤੇ ਪੁੱਛੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਰਾਜ ਸਭਾ ਮੈਂਬਰ ਸੁਬਰਾਮਨੀਅਮ ਸਵਾਮੀ ਨੇ ਕਿਹਾ ਕਿ ਕਿਹੜਾ ਅਜਿਹਾ ਗੁਆਂਢੀ ਦੇਸ਼ ਹੈ, ਜੋ ਭਾਰਤ ਦੀ ਇੱਜ਼ਤ ਕਰਦਾ ਹੈ। ਅਮਰੀਕੀ ਫੌਜਾਂ ਦੀ ਵਾਪਸੀ ਮਗਰੋਂ ਤਾਲਿਬਾਨ ਅੱਤਵਾਦੀਆਂ ਨੇ ਅਫਗਾਨਿਸਤਾਨ ਦੇ ਕਈ ਜ਼ਿਲ੍ਹਿਆਂ ਦੇ ਪੇਂਡੂ ਖੇਤਰਾਂ ਉੱਤੇ ਕਬਜ਼ਾ ਕਰ ਲਿਆ ਹੈ। ਅਫਗਾਨੀ ਸੁਰੱਖਿਆ ਦਸਤੇ ਤਾਲਿਬਾਨ ਨੂੰ ਅੱਗੇ ਵਧਣ ਤੋਂ ਰੋਕਣ ਲਈ ਜੂਝ ਰਹੇ ਹਨ। ਅਫਗਾਨਿਸਤਾਨ ਦੇ ਅੰਦਰੂਨੀ ਸੰਕਟ ਬਾਰੇ ਅਮਰੀਕਾ, ਰੂਸ, ਚੀਨ ਅਤੇ ਪਾਕਿਸਤਾਨ ਅਗਲੇ ਦਿਨਾਂ ਵਿੱਚ ਕਤਰ ਦੀ ਰਾਜਧਾਨੀ ਦੋਹਾ ਵਿੱਚ ਮੀਟਿੰਗ ਕਰਨ ਜਾ ਰਹੇ ਹਨ। ਭਾਰਤ ਮੀਟਿੰਗ ਵਿੱਚ ਹਿੱਸਾ ਨਹੀਂ ਲੈ ਰਿਹਾ।

ਜੇ ਤੁਸੀਂ ਕੌਮਾਂਤਰੀ ਮੁੱਦੇ ਤੋਂ ਲੈ ਕੇ ਆਪਣੀ ਜ਼ਮੀਨ ਉੱਤੇ ਕਬਜ਼ਾ ਹੋਣ ਤਕ ਦੇ ਮੁੱਦੇ ਬਾਰੇ ਵੀ ਗੋਲਮੋਲ ਗੱਲਾਂ ਕਰੋਗੇ ਤਾਂ ਕਿਸੇ ਵੀ ਦੇਸ਼ ਤੋਂ ਭਾਰਤ ਨੂੰ ਤਵੱਜੋਂ ਦੇਣ ਦੀ ਉਮੀਦ ਕਿਉਂ ਕਰਦੇ ਹੋ। ਅੱਜ ਸਾਡਾ ਅਜਿਹਾ ਕਿਹੜਾ ਗੁਆਂਢੀ ਮੁਲਕ ਹੈ, ਜੋ ਭਾਰਤ ਦੀ ਇੱਜ਼ਤ ਕਰਦਾ ਹੈ।'

# ਅਹੁਦਾ ਛੱਡ ਰਹੇ ਈਰਾਨੀ ਆਗੂ ਰੂਹਾਨੀ ਨੇ ਕਿਹਾ: ਸਰਕਾਰ ਹਮੇਸ਼ਾ ਸੱਚੀ ਨਹੀਂ ਹੁੰਦੀ


ਦੁਬਈ, 2 ਅਗਸਤ (ਪੋਸਟ ਬਿਊਰੋ)- ਈਰਾਨ ਦੇ ਆਹੁਦਾ ਛੱਡ ਰਹੇ ਰਾਸ਼ਟਰਪਤੀ ਨੇ ਕੱਲ੍ਹ ਆਪਣੇ ਲੋਕਾਂ ਕੋਲ ਮੰਨਿਆ ਕਿ ਅੱਠ ਸਾਲਾਂ ਦੇ ਰਾਜ ਦੌਰਾਨ ਦੇਸ਼ ਨੂੰ ਕਈ ਵਾਰ 'ਸੱਚ ਦਾ ਹਿੱਸਾ ਨਹੀਂ ਦੱਸਿਆ ਗਿਆ।' ਉਹ ਇਸ ਸਮੇਂਅਹੁਦਾ ਛੱਡਰਹੇ ਹਨ, ਜਦ ਦੁਨੀਆ ਦੇ ਸ਼ਕਤੀਸ਼ਾਲੀ ਦੇਸ਼ਾਂ ਨਾਲ ਉਨ੍ਹਾਂ ਦੇ ਸਮੇਂਹੋਇਆ ਐਟਮੀ ਸਮਝੌਤਾ ਅੱਧ ਵਿਚਾਲੇ ਅਟਕਿਆ ਹੈ ਅਤੇ ਪੱਛਮੀ ਦੇਸ਼ਾਂ ਦੇ ਨਾਲ ਤਣਾਅ ਬਣਿਆ ਹੋਇਆ ਹੈ।



ਰਾਸ਼ਟਰਪਤੀ ਹਸਨ ਰੂਹਾਨੀ ਦੀਆਂ ਟਿੱਪਣੀਆਂ ਸਰਕਾਰੀ ਟੈਲੀਵਿਜ਼ਨ ਉੱਤੇ ਪ੍ਰਸਾਰਿਤ ਕੀਤੀਆਂ ਗਈਆਂ। ਕੋਰੋਨਾ ਵਾਇਰਸ ਮਹਾਮਾਰੀ ਤੋਂ ਲੈ ਕੇ ਦੇਸ਼ ਵਿੱਚ ਸੋਕਾ ਪੈਣ ਤੱਕ ਬੀਤੇ ਮਹੀਨਿਆਂ ਵਿੱਚ ਉਨ੍ਹਾਂ ਦੀ ਸਰਕਾਰ ਨੂੰ ਆਲੋਚਨਾਵਾਂ ਦਾ ਸਾਹਮਣਾ ਕਰਨਾ ਪਿਆ ਸੀ। ਐਟਮੀ ਸਮਝੌਤਿਆਂਦੇ ਲਈ ਨਾਕਾਮੀਆਂ ਬਾਰੇ ਈਰਾਨ ਦੇ ਸਭ ਤੋਂ ਵੱਡੇ ਧਾਰਮਿਕ ਨੇਤਾ ਆਇਤੁੱਲ੍ਹਾ ਅਲੀ ਖ਼ੁਮੈਨੀ ਦੀਆਂ ਆਲੋਚਨਾਵਾਂ ਦੇ ਕੁਝ ਦਿਨ ਬਾਅਦ ਰੂਹਾਨੀ ਦੀ ਟਿੱਪਣੀ ਉਨ੍ਹਾਂ ਦੀ ਸਰਕਾਰ ਦੇ ਸਾਹ-ਮਣੇ ਆਈਆਂ ਸਮੱਸਿਆਵਾਂ ਪੇਸ਼ ਕਰਦੀ ਹੈ। ਰਾਸ਼ਟਰਪਤੀ ਦੇ ਤੌਰ ਉੱਤੇ ਆਪਣੀ ਆਖਰੀ ਬੈਠਕ ਵਿੱਚ ਰੂਹਾਨੀ ਨੇ ਕਿਹਾ ਕਿ ਅਸੀਂ ਲੋਕਾਂ ਨੂੰ ਜੋ ਦੱਸਿਆ, ਉਹ ਹਕੀਕਤ ਦੇ ਉਲਟ ਨਹੀਂ ਸੀ, ਸਗੋਂ ਅਸੀਂ ਉਨ੍ਹਾਂ ਨੂੰ 'ਸੱਚਾਈ ਦਾ ਕੁਝ ਹਿੱਸਾ ਨਹੀਂ ਦੱਸਿਆ', ਕਿਉਂਕਿ ਮੈਂ ਇਸ ਨੂੰ ਠੀਕ ਨਹੀਂ ਸੋਚਿਆ ਅਤੇ ਡਰ ਸੀ ਕਿ ਇਸ ਨਾਲ ਕੌਮੀ ਏਕਤਾ ਨੂੰ ਨੁਕਸਾਨ ਪਹੁੰਚੇਗਾ।

# ਪਾਕਿ ਦੀ ਨਵੀਂ ਚਾਲ, ਗਿਲਗਿਤ-ਬਾਲਤਿਸਤਾਨ ਨੂੰ ਆਰਜ਼ੀ ਸੂਬਾ ਬਣਾਉਣ ਦੀ ਕਾਨੂੰਨੀ ਰੂਪ ਰੇਖਾ ਤੈਅ

ਇਸਲਾਮਬਾਦ, 2 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਅਧਿਕਾਰੀਆਂ ਨੇ ਜੰਗੀ ਪੱਖੋਂ ਅਹਿਮ ਖੇਤਰ ਗਿਲਗਿਤ-ਬਾਲਤਿ-ਸਤਾਨ ਨੂੰ ਆਰਜ਼ੀ ਸੂਬੇ ਦਾ ਦਰਜਾ ਦੇਣ ਲਈ ਇੱਕ ਕਾਨੂੰਨੀ ਰੂਪ ਰੇਖਾ ਤੈਅ ਕਰ ਲਈ ਹੈ।



ਮੀਡੀਆ ਵਿੱਚ ਆਈ ਇੱਕ ਖ਼ਬਰ ਮੁਤਾਬਕ ਇਸ ਬਾਰੇ ਭਾਰਤ ਸਰਕਾਰ ਨੇ ਪਾਕਿਸਤਾਨ ਨੂੰ ਸਪੱਸ਼ਟ ਕਹਿ ਦਿੱਤਾ ਹੈ ਕਿ ਗਿਲਗਿਤ ਅਤੇ ਬਾਲਤਿਸਤਾਨ ਸਮੇਤ ਜੰਮੂ-ਕਸ਼ਮੀਰ ਅਤੇ ਲੱਦਾਖ ਦਾ ਪੂਰਾ ਕੇਂਦਰੀ ਸ਼ਾਸਤ ਖੇਤਰ ਅਸਲ ਵਿੱਚ ਭਾਰਤ ਦਾ ਅਨਿੱਖੜਵਾਂ ਅੰਗ ਹੈ। ਭਾਰਤ ਦਾ ਕਹਿਣਾ ਹੈ ਕਿ ਪਾਕਿਸਤਾਨ ਸਰਕਾਰ ਜਾਂ ਉਸ ਦੀ ਨਿਆਂ ਪਾਲਿਕਾ ਦਾ ਗ਼ੈਰ-ਕਾਨੂੰਨੀ ਢੰਗ ਨਾਲ ਜਾਂ ਜਬਰੀ ਕਬਜ਼ਾ ਕੀਤੀਆਂ ਗਈਆਂ ਥਾਵਾਂ ਉੱਤੇ ਕੋਈ ਅਧਿਕਾਰ ਨਹੀਂ।

ਪਾਕਿਸਤਾਨ ਦੇ ਡਾਨ ਅਖ਼ਬਾਰ ਦੀ ਖ਼ਬਰ ਮੁਤਾਬਕ ਕਾਨੂੰਨ ਅਤੇ ਨਿਆਂ ਮੰਤਰਾਲਾ ਦੇ ਪ੍ਰਸਤਾਵਿਤ ਕਾਨੂੰਨ ਅਧੀਨ ਗਿਲਗਿਤ-ਬਾਲਤਿਸਤਾਨ ਦੀ ਸਰਬ-ਉਚ ਅਪੀਲੀ ਅਦਾਲਤ ਖ਼ਤਮ ਕੀਤੀ ਜਾ ਸਕਦੀ ਹੈ ਅਤੇ ਏਥੋਂ ਦੇ ਚੋਣ-ਕਮਿਸ਼ਨ ਦਾ ਪਾਕਿਸਤਾਨ ਦੇ ਚੋਣ ਕਮਿਸ਼ਨ ਵਿੱਚ ਰਲੇਵਾਂ ਕੀਤਾ ਜਾ ਸਕਦਾ ਹੈ। ਕਾਨੂੰਨ ਮੰਤਰਾਲਾ ਦੇ ਸੂਤਰਾਂ ਨੇ ਇਸ ਸੰਬੰਧ ਵਿੱਚ ਅਖ਼ਬਾਰ ਨੂੰ ਦੱਸਿਆ ਕਿ 26ਵੀਂ ਸੰਵਿਧਾਨਕ ਸੋਧ ਦੇ ਬਿੱਲ ਦਾ ਖਰੜਾ ਤਿਆਰ ਕਰ ਕੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਸੌਂਪ ਦਿੱਤਾ ਗਿਆ ਹੈ। ਜੁਲਾਈ ਦੇ ਪਹਿਲੇ ਹਫ਼ਤੇ ਇਮਰਾਨ ਨੇ ਫੈਡਰਲ ਕਾਨੂੰਨ ਮੰਤਰੀ ਫਾਰੋਗ ਨਸੀਮ ਨੂੰ ਕਾਨੂੰਨ ਤਿਾਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਸੀ।ਸੂਤਰਾਂ ਮੁਤਾਬਕ ਪਾਕਿਸਤਾਨ ਦੇ ਸੰਵਿਧਾਨ, ਕੌਮਾਂਤਰੀ ਕਾਨੂੰਨਾਂ, ਯੂ ਐਨ ਦੇ ਮਤਿਆਂ ਅਤੇ ਖਾਸਤੌਰ ਉੱਤੇ ਕਸ਼ਮੀਰ ਬਾਰੇ ਰਾਇਸ਼ੁਮਾਰੀ ਨਾਲ ਸਬੰਧਤ ਮਤੇ ਦਾ ਧਿਆਨ ਨਾਲ ਅਧਿਐਨ ਕਰਨ ਪਿੱਛੋਂ ਬਿੱਲ ਦਾ ਖਰੜਾ ਤਿਆਰ ਕੀਤਾ ਗਿਆ ਹੈ। ਜਾਣਕਾਰ ਸੂਤਰਾਂ ਮੁਤਾਬਕ ਗਿਲਗਿਤ-ਬਾਲਤਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੀਆਂ ਸਰਕਾਰਾਂ ਸਣੇ ਵੱਖ-ਵੱਖ ਧਿਰਾਂ ਨਾਲ ਪ੍ਰਸਤਾਵਿਤ ਸੰਵਿਧਾਨਕ ਸੋਧ ਉੱਤੇ ਵਿਚਾਰ ਕੀਤੀ ਗਈ ਹੈ। ਨਵੇਂ ਕਾਨੂੰਨ ਵਿੱਚ ਸੁਝਾਅ ਦਿੱਤਾ ਗਿਆ ਹੈ ਕਿ ਖੇਤਰ ਦੀ ਨਾਜ਼ੁਕਤਾ ਵੇਖਦੇ ਹੋਏ ਸੂਬਿਆਂ ਅਤੇ ਖੇਤਰਾਂ ਨਾਲ ਸਬੰਧਤ ਸੰਵਿਧਾਨ ਦੀ ਧਾਰਾ-1 ਇੱਕ ਸੋਧ ਕਰ ਕੇ ਉਸ ਨੂੰ ਆਰਜ਼ੀ ਸੂਬੇ ਦਾ ਦਰਜਾ ਦਿੱਤਾ ਜਾ ਸਕਦਾ ਹੈ।

BEST CANADIAN TRUCK & FORKLIFT TRAINING CENTRE
BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

## ਜਿਨਪਿੰਗ ਨੇ ਅਫਗਾਨਿਸਤਾਨ ਵਿੱਚ ਆ ਰਹੇ ਤਾਲਿਬਾਨ ਰਾਜ ਤੋਂ ਫੌਜ ਨੂੰ ਚੌਕਸ ਕੀਤਾ



ਬੀਜਿੰਗ, 2 ਅਗਸਤ (ਪੋਸਟ ਬਿਊਰੋ)- ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਪਣੇ ਦੇਸ਼ ਦੀ ਫ਼ੌਜ (ਪੀ ਐਲ ਏ) ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਅਫਗਾਨਿਸਤਾਨ ਵਿੱਚ ਤਾਲਿਬਾਨ ਰਾਜ ਕਾਰਨ ਸ਼ਿੰਜਿਆਂਗ ਵਿੱਚ ਉਈਗਰ ਬਾਗੀਆਂ ਵਿਰੁੱਧ ਸੰਘਰਸ਼ ਲਈ ਤਿਆਰ ਰਹੇ। ਉਨ੍ਹਾ ਨੇ ਪੀ ਐਲ ਏ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਅਫਗਾਨਿਸਤਾਨ ਦੇਸ਼ ਦੀ ਸਰਹੱਦ ਉੱਤੇ ਹਥਿਆਰਬੰਦ ਸੰਘਰਸ਼ ਅਤੇ ਸੁਰੱਖਿਆ ਚਿੰਤਾਵਾਂ ਬਾਰੇ ਤਿਆਰ ਰਹਿਣ।

ਸੰਵਿਧਾਨ ਮੁਤਾਬਕ ਚੀਨੀ ਫ਼ੌਜ ਦੇ ਸਰਬ ਉਚ ਕਮਾਂਡਰ ਜਿਨਪਿੰਗ ਨੇ ਪੀ ਐਲ ਏ ਦੀ ਲੀਡਰਸ਼ਿਪ ਨੂੰ ਕਿਹਾ ਕਿ ਉਹ ਕਮਿਊਨਿਸਟ ਪਾਰਟੀ ਪ੍ਰਤੀ ਆਪਣੀ ਇੱਕਜੁੱਟਤਾ ਨੂੰ ਹੋਰ ਵੱਧ ਮਜ਼ਬੂਤ ਕਰਨ। ਇਹੀ ਨਹੀਂ, ਉਨ੍ਹਾਂ ਨੇ ਸਾਲ 2027 ਤੱਕ ਚੀਨੀ ਫ਼ੌਜ ਨੂੰ ਅਮਰੀਕਾ ਦੀ ਟੱਕਰ ਦੀ ਫ਼ੌਜ ਬਣਾਉਣ ਦਾ ਵੀ ਸੱਦਾ ਦਿੱਤਾ। ਜਿਨਪਿੰਗ ਨੇ ਕੱਲ੍ਹ ਕਿਹਾ ਕਿ ਚੀਨ ਨੂੰ 'ਫ਼ੌਜੀ ਸੰਘਰਸ਼' ਲਈ ਤਿਆਰ ਰਹਿਣਾ ਚਾਹੀਦਾ ਹੈ, ਕਿਉਂਕਿ ਅਮਰੀਕਾ ਇਸ ਸਾਲ 11 ਸਤੰਬਰ ਤੱਕ ਅਫਗਾਨਿਸਤਾਨ ਤੋਂ ਵਾਪਸ ਜਾ ਰਿਹਾ ਹੈ। ਪਿਛਲੇ ਕਈ ਮਹੀਨਿਆਂ ਤੋਂ ਚੀਨੀ ਅਧਿਕਾਰੀ ਇਹ ਚਿਤਾਵਨੀ ਦੇ ਰਹੇ ਹਨ ਕਿ ਅਮਰੀਕਾ ਦੀ ਅਫਗਾਨਿਸਤਾਨ ਤੋਂ ਵਾਪਸੀ ਨਾਲ ਤਾਲਿਬਾਨ ਫਿਰ ਉਭਰ ਕੇ ਰਿਹਾ ਹੈ ਤੇ ਇਸ ਨਾਲ ਖੇਤਰੀ ਅਸੰਤੁਲਨ ਦਾ ਖਤਰਾ ਪੈਦਾ ਹੋ ਗਿਆ ਹੈ। ਵਰਨਣ ਯੋਗ ਹੈ ਕਿ ਜਿਨਪਿੰਗ ਅਤੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਇਸ ਹਫ਼ਤੇ ਕਿਹਾ ਸੀ ਕਿ ਅਮਰੀਕਾ ਦੀ ਵਾਪਸੀ ਨਾਲ ਉਈਗਰ ਮੁਸਲਮਾਨਾਂ ਨੂੰ ਇੱਕ ਸੁਰੱਖਿਅਤ ਅੱਡਾ ਮਿਲ ਗਿਆ ਹੈ, ਜੋ ਚੀਨ ਦੇ ਸ਼ਿੰਜਿਆਂਗ ਸੂਬੇ ਵਿੱਚ ਕਮਿਊਨਿਸਟ ਪਾਰਟੀ ਉੱਤੇ ਹਮਲੇ ਕਰ ਸਕਦੇ ਹਨ।

## ਜ਼ਮੀਨ ਬਦਲੇ ਦੋ ਭਰਾਵਾਂ ਨੂੰ ਗੋਲੀਆਂ ਮਾਰੀਆਂ, ਦੋਵੇਂ ਗੰਭੀਰ ਜ਼ਖ਼ਮੀ



ਮੁੱਲਾਂਪੁਰ ਦਾਖਾ, 2 ਅਗਸਤ (ਪੋਸਟ ਬਿਊਰੋ)- ਪਿੰਡ ਜਾਂਗਪੁਰ ਵਿਖੇ ਇੱਕ ਕਿਸਾਨ ਨੇ ਜ਼ਮੀਨ ਦੇ ਝਗੜੇ ਵਿੱਚ ਆਪਣੇ ਸਕੇ ਭਰਾ ਅਤੇ ਚਾਚੇ ਦੇ ਲੜਕੇ ਉਪਰ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਸ਼ੇਰ ਸਿੰਘ ਪੁੱਤਰ ਕਰਤਾਰ ਸਿੰਘ ਪਿੰਡ ਜਾਂਗਪੁਰ ਆਪਣੇ ਸਕੇ ਭਰਾ ਅਮਰੀਕ ਸਿੰਘ ਪੰਚ ਨਾਲ ਇੱਕੋ ਘਰ ਵਿੱਚ ਰਹਿ ਰਿਹਾ ਸੀ ਤੇ ਆਪਣੀ ਜ਼ਮੀਨ 7-8 ਬਿਸਵੇ ਦਾ ਤਬਾਦਲਾ ਆਪਣੇ ਚਚੇਰੇ ਭਰਾ ਹਾਕਮ ਸਿੰਘ ਪੁੱਤਰ ਸਰਦਾਰ ਸਿੰਘ ਪਿੰਡ ਜਾਂਗਪੁਰ ਨਾਲ ਕਰਨਾ ਚਾਹੁੰਦਾ ਸੀ। ਇਸੇ ਜ਼ਮੀਨ ਬਾਰੇ ਪਿਛਲੇ ਕੁਝ ਸਾਲਾਂ ਤੋਂ ਆਪਸ ਵਿੱਚ ਵਿਵਾਦ ਚੱਲ ਰਿਹਾ ਸੀ। ਕੱਲ੍ਹ ਸਵੇਰੇ ਕਰੀਬ ਸੱਤ ਵਜੇ ਸਾਰਾ ਵਿਵਾਦ ਖ਼ਤਮ ਕਰਨ ਲਈ ਸ਼ੇਰ ਸਿੰਘ ਨੇ ਚਚੇਰੇ ਭਰਾ ਹਾਕਮ ਸਿੰਘ ਨੂੰ ਸਬਕ ਸਿਖਾਉਣ ਲਈ ਰਿਵਾਲਵਰ ਕੱਢ ਲਿਆ।ਇਸ ਦਾ ਪਤਾ ਉਸਦੇ ਸਕੇ ਭਰਾ ਅਮਰੀਕ ਸਿੰਘ ਪੰਚ ਨੂੰ ਲੱਗਾ ਤਾਂ ਉਸ ਨੇ ਏਦਾਂ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਗੁੱਸੇ ਵਿੱਚ ਸ਼ੇਰ ਸਿੰਘ ਨੇ ਅਮਰੀਕ ਸਿੰਘ (ਸਕੇ ਭਰਾ) ਉੱਤੇ ਪੰਜ ਗੋਲੀਆਂ ਆਪਣੇ 32 ਬੋਰ ਦੇ ਰਿਵਾਲਵਰ ਤੋਂ ਦਾਗ ਦਿੱਤੀਆਂ। ਦੋ ਉਸ ਦੇ ਮੋਢੇ ਅਤੇ ਇੱਕ ਧੌਣ ਵਿੱਚ ਲੱਗੀ ਅਤੇ ਉਹ ਗੰਭੀਰ ਜ਼ਖ਼ਮੀ ਹੋ ਗਿਆ। ਫਿਰ ਉਹ ਖੇਤਾਂ ਵਿੱਚ ਕੰਮ ਕਰਦੇ ਚਚੇਰੇ ਭਰਾ ਨੂੰ ਮਾਰਨ ਲਈ ਉਸ ਦੇ ਖੇਤ ਵਿੱਚ ਗਿਆ ਅਤੇ ਉਸ ਉਪਰ ਪੰਜ ਗੋਲੀਆਂ ਦਾਗ ਦਿੱਤੀਆਂ। ਹਾਕਮ ਸਿੰਘ ਨੇ ਦਲੇਰੀ ਦਿਖਾ ਕੇ ਦੋ ਗੋਲੀਆਂ ਕਹੀ ਨਾਲ ਰੋਕ ਲਈਆਂ ਅਤੇ ਦੋ ਫਾਇਰ ਕੋਲੋਂ ਲੰਘ ਕੇ ਇਕ ਗੋਲੀ ਉਸ ਦੇ ਜਬਾੜੇ ਵਿੱਚ ਲੱਗੀ ਤਾਂ ਹਾਕਮ ਸਿੰਘ ਨੇ ਆਪਣੀ ਕਹੀ ਵਗਾ ਕੇ ਸ਼ੇਰ ਸਿੰਘ ਦੇ ਮਾਰੀ, ਜਿਸ ਕਰ ਕੇ ਉਸਦਾ ਰਿਵਾਲਵਰ ਥੱਲੇ ਡਿੱਗ ਪਿਆ। ਹਾਕਮ ਸਿੰਘ ਨੇ ਸ਼ੇਰ ਸਿੰਘ ਨੂੰ ਖੇਤਾਂ ਵਿੱਚ ਢਾਹ ਲਿਆ ਅਤੇ ਉਦੋਂ ਤੱਕ ਨਹੀਂ ਛੱਡਿਆ, ਜਦੋਂ ਤੱਕ ਲੋਕ ਇਕੱਠੇ ਨਾ ਹੋ ਗਏ। ਇਸ ਦੀ ਜਾਣਕਾਰੀ ਥਾਣਾ ਦਾਖਾ ਨੂੰ ਦਿੱਤੀ ਗਈ। ਜ਼ਖ਼ਮੀ ਅਮਰੀਕਾ ਸਿੰਘ ਤੇ ਹਾਕਮ ਸਿੰਘ ਲੁਧਿਆਣਾ ਹਸਪਤਾਲਦਾਖਲ ਹਨ। ਥਾਣਾ ਮੁਖੀ ਇੰਸਪੈਕਟਰ ਜਗਜੀਤ ਸਿੰਘ ਨੇ ਦੱਸਿਆ ਕਿ ਘਟਨਾ ਵਾਲੀਆਂ ਥਾਵਾਂ ਤੋਂ ਕਰੀਬ 10 ਚੱਲੇ ਕਾਰਤੂਸ ਮਿਲੇ ਹਨ। ਉਨ੍ਹਾਂ ਦੱਸਿਆ ਕਿ ਹਾਕਮ ਸਿੰਘ ਦੇ ਬਿਆਨਾਂ ਉੱਤੇ ਸ਼ੇਰ ਸਿੰਘ ਵਿਰੁੱਧ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਮਿਆਂਮਾਰ ਵਿੱਚ ਫੌਜ ਵੱਲੋਂ ਦੋ ਸਾਲਾਂ ਦੇ ਅੰਦਰ ਚੋਣਾਂ ਕਰਵਾਉਣ ਦਾ ਵਾਅਦਾ

ਬੈਂਕਾਕ, 2 ਅਗਸਤ (ਪੋਸਟ ਬਿਊਰੋ)- ਮਿਆਂਮਾਰ ਦੇ ਫੌਜੀ ਸ਼ਾਸਕ ਮਿਨ ਆਂਗ ਲਾਇੰਗ ਨੇ ਨਵੀਂ ਬਣੀ ਕਾਰਜਵਾਹਕ ਸਰਕਾਰ ਵਿੱਚ ਪ੍ਰਧਾਨ ਮੰਤਰੀ ਦੀ ਭੂਮਿਕਾ ਸਾਂਭ ਲਈ ਅਤੇ ਦੋ ਸਾਲਾਂ ਦੇ ਅੰਦਰ ਬਹੁ-ਪਾਰਟੀ ਆਮ ਚੋਣਾਂ ਕਰਵਾਉਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਆਸਿਆਨ ਵੱਲੋਂ ਨਾਮਜ਼ਦ ਕਿਸੇ ਵੀ ਵਿਸ਼ੇਸ਼ ਨੁਮਾਇੰਦੇ ਨਾਲ ਕੰਮ ਕਰਨ ਲਈ ਤਿਆਰ ਹੈ ਤੇ ਮਿਆਂਮਾਰ ਦੇ ਰਾਜਸੀ ਹੱਲ ਲਈ ਉਹ ਏਸ਼ੀਆਈ ਦੇਸ਼ਾਂ ਨਾਲ ਸਹਿਯੋਗ ਕਰਨਗੇ।

ਵਰਨਣ ਯੋਗ ਹੈ ਕਿ ਮਿਆਂਮਾਰ ਵਿੱਚ ਚੁਣੀ ਗਈ ਸਰਕਾਰ ਦਾ ਤਖਤਾ ਪਲਟ ਕਰ ਕੇ ਫੌਜੀ ਸ਼ਾਸਨ ਲਿਆਉਣ ਦੇ ਛੇ ਮਹੀਨੇ ਬਾਅਦ ਇੱਕ ਟੀ ਵੀ ਪ੍ਰਸਾਰਨ ਵਿੱਚ ਫੌਜੀ ਸ਼ਾਸਕ ਮਿਨ ਆਂਗ ਲਾਇੰਗ ਨੇ ਕਿਹਾ ਕਿ ਮਿਆਂਮਾਰ ਆਸਿਆਨ (ਐਸੋਸੀਏਸ਼ਨ ਆਫ ਸਾਊਥ-ਈਸਟ ਏਸ਼ੀਅਨ ਨੇਸ਼ਨਜ਼) ਨਾਲ ਉਸ ਦੇ ਤੈਅ ਘੇਰੇ ਵਿੱਚ ਕੰਮ ਕਰਨ ਲਈ ਤਿਆਰ ਹੈ ਅਤੇ ਇਸ ਵਿੱਚ ਮਿਆਂਮਾਰ ਦੀ ਆਸਿਆਨ ਦੇ ਵਿਸ਼ੇਸ਼ ਨੁਮਾਇੰਦੇ ਨਾਲ ਗੱਲਬਾਤ ਕਰਨਾ ਸ਼ਾਮਲ ਹੈ। ਫੌਜੀ ਸ਼ਾਸਕ ਮਿਨ ਆਂਗ ਲਾਇੰਗ ਨੇ ਨੋਬਲ ਇਨਾਮ ਜੇਤੂ ਆਨ ਸਾਂਗ ਸੂ ਦੀ ਪਾਰਟੀ ਦੀ ਸਰਕਾਰ ਡੇਗਣ ਪਿੱਛੋਂ ਸੂ ਕੀ ਨੂੰ ਕੱਟੜਪੰਥੀ ਅਤੇ ਹਿੰਸਾ ਭੜਕਾਉਣ ਵਾਲੀ ਕਰਾਰ ਦਿੱਤਾ ਸੀ। ਆਸਿਆਨ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਡਿਪਲੋਮੈਟਾਂ ਦਾ ਕਹਿਣਾ ਹੈ ਕਿ ਉਹ ਇੱਕ ਖਾਸ ਨੁਮਾਇੰਦਾ ਨਿਯੁਕਤ ਕਰਨਗੇ, ਜੋ ਮਿਆਂਮਾਰ ਵਿੱਚ ਹਿੰਸਾ ਖਤਮ ਕਰਨ ਤੇ ਫੌਜੀਆਂ ਦੇ ਨਾਲ ਉਨ੍ਹਾਂ ਦੇ ਵਿਰੋਧੀਆਂ ਦੀ ਗੱਲਬਾਤ ਕਰਵਾਉਣ ਦੀ ਕੋਸ਼ਿਸ਼ ਕਰਨਗੇ। ਫੌਜੀ ਸ਼ਾਸਕ ਮਿਨ ਆਂਗ ਲਾਇੰਗ ਨੇ ਮਿਆਂਮਾਰ ਵਿੱਚ ਲੋਕਤੰਤਰ ਦੀ ਬਹਾਲੀ ਦਾ ਪਹਿਲਾਂ ਹੀ ਭਰੋਸਾ ਦਿੱਤਾ ਹੈ।

## ਇਟਲੀ ਦੇ ਜੈਕਬਜ਼ ਨੇ 9.8 ਸੈਕਿੰਡ ਵਿੱਚ 100 ਮੀਟਰ ਦੌੜ ਮੁਕਾਈ

ਟੋਕੀਓ, 2 ਅਗਸਤ (ਪੋਸਟ ਬਿਊਰੋ)- ਇਟਲੀ ਦੇ ਲੇਮੌਂਟ ਮਾਰਸੇਲ ਜੈਕਬਜ਼ ਨੇ ਕੱਲ੍ਹ ਟੋਕੀਓ ਉਲੰਪਿਕ ਦੀ ਫਰਾਟਾ ਦੌੜ ਵਿੱਚ 9.8 ਸੈਕਿੰਡ ਦੇ ਸਮੇਂ ਨਾਲ ਸੋਨ ਤਗਮਾ ਜਿੱਤ ਕੇ ਤੇਜ਼ ਦੌੜਾਕ ਦਾ ਨਾਮਣਾ ਖੱਟਿਆ ਹੈ।

ਅਸਲ ਵਿੱਚ ਇਟਲੀ ਨੇ ਪਹਿਲੀ ਵਾਰ 100 ਮੀਟਰ ਦੌੜ ਵਿੱਚ ਸੋਨ ਤਗਮਾ ਜਿੱਤਿਆ ਹੈ। ਦੌੜ ਵਿੱਚਹੋਰ ਕੋਈ ਜਿੱਤ ਦਾ ਵੱਡਾ ਦਾਅਵੇਦਾਰ ਨਹੀਂ ਸੀ, ਪਰ ਜੈਕਬਜ਼ ਨੇ ਪਹਿਲਾਂ ਸਥਾਨ ਜਿੱਤ ਕੇ ਹੈਰਾਨ ਕਰ ਦਿੱਤਾ। ਉਨ੍ਹਾਂ ਨੇ ਅਮਰੀਕਾ ਦੇ ਫੈਡ ਕਰਲੇ ਅਤੇ ਕੈਨੇਡਾ ਦੇ ਆਂਦਰੇ ਡਿਗ੍ਰਾਸੇ ਨੂੰ ਪਿੱਛੇ ਛੱਡ ਕੇ ਸੋਨ ਤਗਮਾ ਹਾਸਲ ਕੀਤਾ ਹੈ। ਜੈਕਬਜ਼ ਦੀ ਜਿੱਤ ਤੋਂ ਕੁਝ ਮਿੰਟ ਪਹਿਲਾਂ ਉਨ੍ਹਾਂ ਦੇ ਦੇਸ਼ ਦੇ ਜਿਨਯਾਮਾਰਕੋ ਟਾਂਬਰੀ ਅਤੇ ਕਤਰ ਦੇ ਉਚੀ ਛਾਲ ਵਾਲੇਅਥਲੀਟ ਮੁਤਾਜ ਅਸਾ ਬਾਰਸ਼ਿਪ ਇੱਕੋ ਜਿਹੀ ਛਾਲ ਨਾਲ ਬਰਾਬਰੀ ਉੱਤੇ ਰਹੇ, ਜਿਸ ਕਾਰਨ ਦੋਵਾਂ ਨੂੰ ਸੋਨ ਤਗਮੇ ਮਿਲੇ। ਸੰਨਿਆਸ ਲੈ ਚੁੱਕੇ ਉਸੇਨ ਬੋਲਟ ਨੇ ਪਿਛਲੇ 13 ਸਾਲ ਇਸ ਮੁਕਾਬਲੇ ਵਿੱਚ ਆਪਣਾ ਦਬਦਬਾ ਬਣਾਇਆ ਹੋਇਆ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




**Sales Person Required**

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.




ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

### ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







### ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

### ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

WANTED
Panjabi Nannies, Caregivers, Cleaning ladies and Cooks for GTA. Please contact at the earliest at:
416-275-7010

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

### ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਸੰਪਰਕ: 647-205-5909, 416-618-3358**

### ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।



